Digitized by Arya Samaj Foundation Chennai and eGangotri

ਸੋਵੀਅਟ ਸੂਨੀਅਨ

ਸਬੰਧੀ

ਸਵਾਲ ਜਵਾਬ

(ਦੂਜਾ ਹਿੱਸਾ)

ਦੰਪ
੩

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ओ३म्

पुस्तक संख्या ६१५/३

पञ्जिका संख्या ..... ६११(२)

पुस्तक पर सर्व प्रकार की निशानियां लगाना वर्जित है। कोई सज्जन पन्द्रह दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੀਅਟ ਯੂਨੀਅਨ

ਸਬੰਧੀ

ਸਵਾਲ ਜਵਾਬ



(ਦੂਜਾ ਹਿੱਸਾ)



ਸਟਾਕ ਪ੍ਰਮਾਣੀਕਰਣ ੧੯੮੪-੧੯੮੫

ਪ੍ਰਕਾਸ਼ਕ :

ਨੁਮਾਇੰਦਾ ਤਾਸ ਮੁਕੀਮ ਹਿੰਦ

ਨਵੀਂ ਦਿੱਲੀ, ੧੯੫੫

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਲ ਤਿੰਨ ਆਨੇ

ਅਵਾਮੀ ਪ੍ਰਿੰਟਿੰਗ ਪ੍ਰੈਸ ਜੀ.ਟੀ. ਰੋਡ ਜਲੰਧਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

੫੧. ਸਾਂਝੇ ਖੇਤ ਕੀ ਹਨ ? ... ੧

੫੨. ਸਾਡੇ ਸਾਂਝੇ ਫਾਰਮ (ਖੇਤ) ਤੇ ਕੰਮ ਦਾ ਮੁਆਵਜ਼ਾ ਕਿਵੇਂ ਮਿਲਦਾ ਹੈ ? ... ੪

੫੩. ਮਸ਼ੀਨ ਤੇ ਟਰੈਕਟਰ ਸਟੇਸ਼ਨ ਕੀ ਹੁੰਦਾ ਹੈ ? ... ੭

੫੪. ਇਕ ਸਾਂਝੇ ਕਿਸਾਨ ਦੀ ਸਹਾਇਕ ਖੇਤੀ ਦਾ ਕੀ ਮਤਲਬ ਹੈ ? ... ੧੦

੫੫. ਸਰਕਾਰੀ ਫਾਰਮ ਕੀ ਹੁੰਦਾ ਹੈ ? ... ੧੨

੫੬. ਸੋਵੀਅਟ ਯੂਨੀਅਨ ਇਕ ਉੱਨਤ ਸਨਅਤੀ ਦੇਸ਼ ਕਿਵੇਂ ਬਣਿਆ ? ... ੧੪

੫੭. ਪੰਜ ਸਾਲਾ ਪਲੈਨਾਂ ਨੇ ਕੌਮੀ ਰੀਪਬਲਿਕਾਂ ਦੀ ਸਨਅਤ ਵਿਚ ਕੀ ਤਬਦੀਲੀਆਂ ਲਿਆਂਦੀਆਂ ਹਨ ? ... ੧੬

੫੮. ਸੋਵੀਅਟ ਯੂਨੀਅਨ ਦੇ ਸਨਅਤੀ ਕਾਰਖਾਨਿਆਂ ਦਾ ਪ੍ਰਬੰਧ ਕੌਣ ਕਰਦਾ ਹੈ ? ... ੧੮

੫੯. ਸਨਅਤ ਲਈ ਮਜ਼ਦੂਰਾਂ ਦੀ ਸਿਖਲਾਈ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ ? ... ੨੦

੬੦ ਸੋਵੀਅਟ ਯੂਨੀਅਨ ਦੇ ਕਾਰਖਾਨਿਆਂ ਵਿਚ ਕੰਮ ਦੇ ਹਾਲਾਤ ਕਿਹੋ ਜੇਹੇ ਹਨ ? ... ੨੧

੬੧. ਸਾਂਝੇ ਸਮਝੌਤੇ ਕਿਵੇਂ ਤੈ ਹੁੰਦੇ ਹਨ ? ... ੨੫

੬੨. ਸੋਵੀਅਟ ਕਾਰਖਾਨਿਆਂ ਵਿਚ ਮੁਆਵਜ਼ਾ ਦੇਣ ਦੇ ਕਿਹੜੇ ਕਿਹੜੇ ਢੰਗ ਵਰਤੇ ਜਾਂਦੇ ਹਨ ? ... ੨੬

—ਓ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੬੩. ਕਾਢਕਾਰਾਂ ਦਾ ਹੌਂਸਲਾ ਕਿਵੇਂ ਵਧਾਇਆ ਜਾਂਦਾ ਹੈ
ਤੇ ਉਹਨਾਂ ਦੇ ਅਧਿਕਾਰ ਕੀ ਹਨ ? ... ੩੦
੬੪. ਸਰਵਿਸ ਬੋਨਸ ਕਿਨ੍ਹਾਂ ਨੂੰ ਮਿਲਦੇ ਹਨ ? ... ੩੨
੬੫. ਸੋਸ਼ਲਿਸਟ ਮੁਕਾਬਲਾ ਕੀ ਹੁੰਦਾ ਹੈ ? ... ੩੩
੬੬. ਸੋਵੀਅਟ ਯੂਨੀਅਨ ਵਿਚ ਪੈਦਾਵਾਰ ਦੇ ਸ਼੍ਰੋਮਣੀ
ਕਾਮੇ ਕਿਹੜੇ ਹਨ ? ... ੩੬
੬੭. ਸੋਵੀਅਟ ਯੂਨੀਅਨ ਵਿਚ ਕਿਹੜੇ ਬੈਂਕ ਹਨ
ਅਤੇ ਲੋਕ ਆਪਣੀ ਬੱਚਤ ਕਿਥੇ ਰਖਦੇ ਹਨ ? ... ੩੮
੬੮. ਸੋਵੀਅਟ ਯੂਨੀਅਨ ਵਿਚ ਘਰੇਗੀ ਕਰਜ਼ੇ
ਕੀ ਹਿੱਸਾ ਅਦਾ ਕਰਦੇ ਹਨ ? ... ੩੯
੬੯. ਸੋਵੀਅਟ ਯੂਨੀਅਨ ਵਿਚ ਵਪਾਰ ਦਾ ਪ੍ਰਬੰਧ
ਕਿਵੇਂ ਕੀਤਾ ਜਾਂਦਾ ਹੈ ? ... ੪੦
੭੦. ਸੋਵੀਅਟ ਯੂਨੀਅਨ ਵਿਚ ਕਿਸ ਤਰ੍ਹਾਂ ਦੇ ਕੋ-ਅਪ੍ਰੇਟਿਵ
ਹਨ ਤੇ ਉਹ ਕਿਵੇਂ ਕੰਮ ਕਰਦੇ ਹਨ ? ... ੪੨
੭੧. ਸੋਵੀਅਟ ਯੂਨੀਅਨ ਵਿਚ ਕੀਮਤਾਂ ਕੌਣ
ਮੁਕਰਰ ਕਰਦਾ ਹੈ ? ... ੪੩
੭੨. ਸੋਵੀਅਟ ਯੂਨੀਅਨ ਵਿਚ ਕਿਹੜੇ ਵਿਗਿਆਨਕ
ਅਦਾਰੇ ਹਨ ? ... ੪੪
੭੩. ਕਿਹੜੇ ਅਖ਼ਬਾਰ ਛਾਪੇ ਜਾਂਦੇ ਹਨ ? ... ੪੬
੭੪. ਸੋਵੀਅਟ ਯੂਨੀਅਨ ਵਿਚ ਕਿਹੜੇ ਪਬਲਿਸ਼ਿੰਗ ਹਾਊਸ
ਹਨ, ਤੇ ਕੀ ਉਹ ਅਨੇਕਾਂ ਕਿਤਾਬਾਂ ਛਾਪਦੇ ਹਨ ? ... ੪੮
੭੫. ਸੋਵੀਅਟ ਯੂਨੀਅਨ ਵਿਚ ਕਿਨ੍ਹਾਂ ਬਦੇਸ਼ੀ ਲੇਖਕਾਂ
ਦੀਆਂ ਪੁਸਤਕਾਂ ਛਪਦੀਆਂ ਹਨ ? ... ੫੧
੭੬. ਸੋਵੀਅਟ ਯੂਨੀਅਨ ਵਿਚ ਕਿਹੜੇ ਥੀਏਟਰ ਹਨ ? ... ੫੩

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੭੭. ਕਿਸ ਪ੍ਰਕਾਰ ਦੇ ਨਾਟਕ, ਓਪੇਰੇ ਤੇ ਬੈਲੇ ਤਿਆਰ ਕੀਤੇ ਤੇ ਖੇਡੇ ਜਾਂਦੇ ਹਨ ? ... ੫੪

੭੮. ਕਿਹੜੀਆਂ ਫ਼ਿਲਮਾਂ ਬਹੁਤੀਆਂ ਪ੍ਰਸਿਧ ਹਨ ? ... ੫੭

੭੯. ਸੋਵੀਅਟ ਯੂਨੀਅਨ ਵਿਚ ਐਕਟਰ, ਨਾਚੇ ਤੇ ਗਵਈਏ ਆਦਿ ਟਰੇਨਿੰਗ ਕਿਵੇਂ ਲੈਂਦੇ ਹਨ ? ... ੬੦

੮੦. ਸੋਵੀਅਟ ਯੂਨੀਅਨ ਵਿਚ ਕਲਾ, ਸੰਗੀਤ ਨਾਟਕ, ਨਾਚ ਆਦਿ ਕਿੰਨੇ ਕੁ ਲੋਕ-ਪਿਆਰੇ ਹਨ ? ... ੬੧

੮੧. ਸੋਵੀਅਟ ਲਿਖਾਰੀਆਂ ਦੀ ਯੂਨੀਅਨ ਕਿਵੇਂ ਜਥੇਬੰਦ ਹੋਈ ਹੋਈ ਹੈ ਤੇ ਇਹਦਾ ਕੰਮ ਕਿਵੇਂ ਚਲਦਾ ਹੈ ? ... ੬੨

੮੨. ਸੋਵੀਅਟ ਯੂਨੀਅਨ ਵਿਚ ਬਚਾਭਕਾਸਟਿੰਗ ਦਾ ਕੀ ਪ੍ਰਬੰਧ ਹੈ ? ... ੬੫

੮੩. ਸੋਵੀਅਟ ਯੂਨੀਅਨ ਵਿਚ ਕਿੰਨੀਆਂ ਤੇ ਕਿਸ ਕਿਸਮ ਦੀਆਂ ਲਾਇਬਰੇਰੀਆਂ ਹਨ ? ... ੬੬

੮੪. ਸੋਵੀਅਟ ਯੂਨੀਅਨ ਵਿਚ ਕਿਹੜੇ ਕਿਹੜੇ ਅਜਾਇਬ ਘਰ ਹਨ ? ... ੬੮

੮੫. ਸੋਵੀਅਟ ਪਿੰਡਾਂ ਵਿਚ ਕਿਹੜੀਆਂ ਸਭਿਆਚਾਰਕ ਸੰਸਥਾਵਾਂ ਹਨ ? ... ੭੦

੮੬. ਸਭਿਆਚਾਰ-ਮਹੱਲ ਅਤੇ ਦਿਲ ਪਰਚਾਰੇ ਦੀਆਂ ਪਾਰਕਾਂ ਕੀ ਹਨ ? ... ੭੧

੮੭. ਸੋਵੀਅਟ ਸ਼ਹਿਰਾਂ ਦੀ ਰੂਪ ਰੇਖਾ ਵਿਚ ਕੀ ਤਬਦੀਲੀ ਆ ਗਈ ਹੈ। ... ੭੨

੮੮. ਸੋਵੀਅਟ ਯੂਨੀਅਨ ਵਿਚ ਖੇਡਾਂ ਦੀ ਤਰੱਕੀ ਕਿਵੇਂ ਹੋਈ ਹੈ ? ... ੭੫

੮੯. ਸੋਵੀਅਟ ਯੂਨੀਅਨ ਵਿਚ ਕਿਹੜੇ ਸਰਕਾਰੀ ਖਿਤਾਬ ਤੇ ਤਗਮੇਂ ਦਿਤੇ ਜਾਂਦੇ ਹਨ ? ... ੭੮

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੯੦. ਸਟਾਲਿਨ ਇਨਾਮ ਕੀ ਹਨ, ਇਹ ਕਿਨ੍ਹਾਂ ਨੂੰ ਮਿਲਦੇ ਹਨ ਤੇ ਕਿਵੇਂ ਦਿਤੇ ਜਾਂਦੇ ਹਨ ? ... ੮੦
੯੧. ਯੰਗ ਪਾਇਉਨੀਰ ਕੌਣ ਹਨ ? ... ੮੨
੯੨. ਯੰਗ ਕਮਿਊਨਿਸਟ ਲੀਗ ਕੀ ਹੈ ? ... ੮੩
੯੩. ਸੋਵੀਅਟ ਯੂਨੀਅਨ ਵਿਚ ਸਿਰਫ਼ ਇਕੋ ਸਿਆਸੀ ਪਾਰਟੀ ਕਿਉਂ ਹੈ ? ... ੮੬
੯੪. ਸੋਵੀਅਟ ਯੂਨੀਅਨ ਵਿਚ ਕਮਿਊਨਿਸਟ ਪਾਰਟੀ ਦਾ ਕੀ ਰੋਲ ਹੈ ? ... ੮੭
੯੫. ਕਮਿਊਨਿਸਟ ਪਾਰਟੀ ਦੀ ਤਾਕਤ ਦਾ ਸੋਮਾ ਕੀ ਹੈ ? ... ੯੦
੯੬. ਪੜਚੋਲ ਤੇ ਆਪਾ-ਪੜਚੋਲ ਦੇ ਕੀ ਅਰਥ ਹਨ ? ... ੯੧
੯੭. ਸੋਸ਼ਲਿਸਟ ਕੌਮਾਂ ਕੀ ਹਨ ? ... ੯੩
੯੮. ਸੋਵੀਅਟ ਦੇਸ਼-ਭਗਤੀ ਕੀ ਹੈ ? ... ੯੬
੯੯. ਕਮਿਊਨਿਜ਼ਮ ਕੀ ਹੈ ? ... ੯੮
੧੦੦. ਸੋਵੀਅਟ ਯੂਨੀਅਨ ਦੇ ਸੋਸ਼ਲਿਜ਼ਮ ਤੋਂ ਕਮਿਊਨਿਜ਼ਮ ਤਕ ਪੁਜਣ ਲਈ ਬੁਨਿਆਦੀ ਸ਼ਰਤਾਂ ਕੀ ਹਨ ? ... ੧੦੨

★

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਪੁਸਤਕ ਸਬੰਧੀ

"ਸੋਵੀਅਤ ਯੂਨੀਅਨ ਸਬੰਧੀ ਸਵਾਲ ਜਵਾਬ" ਨਾਮੀ ਪੁਸਤਕ ਵਖੋ ਵਖ ਦੇਸ਼ਾਂ ਤੋਂ ਸੋਵੀਅਤ ਯੂਨੀਅਨ ਵਿਚ ਆਏ ਡੈਲੀਗੇਟਾਂ ਦੀ ਖਾਹਸ਼ ਪੂਰੀ ਕਰਨ ਲਈ ਛਾਪੀ ਗਈ ਹੈ। ਪੁਸਤਕ ਸੌ ਸਵਾਲਾਂ ਦੇ ਜਵਾਬਾਂ ਦੀ ਸ਼ਕਲ ਵਿਚ ਉਹਨਾਂ ਸਵਾਲਾਂ ਦੇ ਉਤਰ ਦੇਂਦੀ ਹੈ ਜਿਹੜੇ ਪਰਦੇਸੀ ਮਹਿਮਾਨ ਆਮ ਤੌਰ ਤੇ ਪੁਛਦੇ ਹਨ।

ਪੰਜਾਬੀ ਵਿਚ ਇਹ ਪੁਸਤਕ ਦੋ ਹਿਸਿਆਂ ਵਿਚ ਪ੍ਰਕਾਸ਼ਤ ਕੀਤੀ ਗਈ ਹੈ। ਪਹਿਲੇ ਹਿਸੇ ਵਿਚ—ਜਿਹੜਾ ਪਾਠਕਾਂ ਦੇ ਹਥਾਂ ਵਿਚ ਪੁਜ ਚੁਕਾ ਹੈ—ਸੋਵੀਅਤ ਯੂਨੀਅਨ ਦੀ ਰਾਜਸੀ ਬਣਤਰ, ਇਸ ਦੇ ਆਰਥਕ ਰਿਸ਼ਤਿਆਂ ਤੇ ਇਸ ਦੀ ਬਦੇਸ਼ੀ ਪਾਲਿਸੀ ਆਦਿ ਬਾਰੇ ਪੰਜਾਹ ਸਵਾਲਾਂ ਦੇ ਜਵਾਬ ਦਿਤੇ ਗਏ ਸਨ।

ਹੁਣ ਇਹ ਦੂਜਾ ਹਿੱਸਾ, ਜਿਸ ਵਿਚ ਸੋਵੀਅਟ ਯੂਨੀਅਨ ਦੇ ਸਾਂਝੇ ਖੇਤਾਂ, ਸਨਅਤ, ਵਪਾਰ, ਸਭਿਆਚਾਰ, ਖੇਡਾਂ ਆਦਿ ਨਾਲ ਸਬੰਧਤ ਪੰਜਾਹ ਸਵਾਲਾਂ ਦੇ ਜਵਾਬ ਦਿਤੇ ਗਏ ਹਨ ਪਾਠਕਾਂ ਦੀ ਸੇਵਾ ਵਿਚ ਭੇਟਾ ਕੀਤਾ ਜਾ ਰਿਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੫੧. ਸਾਂਝੇ ਖੇਤ ਕੀ ਹਨ ?

ਸਾਂਝੇ ਫਾਰਮ ਬੜੇ ਵਡੇ ਸਹਿਕਾਰੀ (ਕੋ-ਆਪ੍ਰੇਟਿਵ) ਖੇਤੀ ਦੇ ਕਾਰੋਬਾਰ ਹਨ, ਇਨ੍ਹਾਂ ਵਿਚ ਸੋਵੀਅਟ ਕਿਸਾਨ ਸੋਸ਼ਲਿਸਟ ਅਸੂਲਾਂ ਅਨੁਸਾਰ ਖੇਤੀ ਕਰਨ ਲਈ ਮਨ ਮਰਜ਼ੀ ਨਾਲ ਸ਼ਾਮਲ ਹੋਏ ਹਨ। ਇਕ ਔਸਤ ਸਾਂਝਾ ਫਾਰਮ ੧੫੦੦ ਤੋਂ ੩੦੦੦ ਹੈਕਟਰ ਦਾ ਹੁੰਦਾ ਹੈ, ਪਰ ਅੰਨ-ਉਪਜਾਊ ਇਲਾਕਿਆਂ ਵਿਚ ਇਹਨਾਂ ਵਿਚੋਂ ਕਈ ਦਸ ਦਸ ਹਜ਼ਾਰ ਹੈਕਟਰ ਤੋਂ ਵੀ ਵਡੇ ਹਨ।

ਸੋਵੀਅਟ ਯੂਨੀਅਨ ਵਿਚ ਲਗ ਪਗ ਸਭ ਕਿਸਾਨ ਸਾਂਝੇ ਖੇਤਾਂ ਦੇ ਮੈਂਬਰ ਹਨ। ਆਪਣੇ ਖੇਤਾਂ ਤੇ ਅਡਰੀ ਵਾਹੀ ਖੇਤੀ ਕਰਨ ਵਾਲੇ ਕਿਸਾਨ ਨਾ ਹੋਣ ਬਰਾਬਰ ਹਨ।

ਫਾਰਮ ਦੇ ਸੰਦ (ਛੁਟ ਸਾਧਾਰਨ ਨਿਕੇ ਨਿਕੇ ਸੰਦਾਂ ਦੇ), ਦੁਧ ਦੇਣ ਵਾਲੇ ਤੇ ਵਾਹੀ ਦੇ ਕੰਮ ਕਰਨ ਵਾਲੇ ਪਸ਼ੂ ਅਤੇ ਸਾਂਝੀ ਵਾਹੀ ਖੇਤੀ ਲਈ ਲੋੜੀਂਦੀਆਂ ਇਮਾਰਤਾਂ ਸਭ ਦੀ ਸਾਂਝੀ ਮਾਲਕੀ ਹਨ। ਪੈਦਾਵਾਰ ਦੇ ਕੁਲ ਸਾਂਝੇ ਵਸੀਲੇ ਅਤੇ ਸਾਂਝੇ ਫਾਰਮ ਦੀ ਸਾਰੀ ਪੈਦਾਵਾਰ ਸੰਬੰਧਤ ਸਾਂਝੇ ਫਾਰਮ ਦੇ ਕਿਸਾਨਾਂ ਦੀ ਸਾਂਝੀ, ਸਹਿਕਾਰੀ (ਕੋ-ਆਪ੍ਰੇਟਿਵ) ਜਾਇਦਾਦ ਹੁੰਦੀ ਹੈ। ਸਾਂਝੇ ਫਾਰਮ ਦੀ ਜ਼ਮੀਨ ਸਟੇਟ ਦੀ ਜਾਇਦਾਦ ਹੈ ਅਰਥਾਤ ਇਹ ਕੁਲ ਜਨਤਾ ਦੀ ਮਾਲਕੀ ਹੈ; ਪਰ ਇਹ ਜ਼ਮੀਨ ਸਟੇਟ ਨੇ ਸਾਂਝੇ ਫਾਰਮ ਨੂੰ ਸਦੀਵੀ ਵਰਤੋਂ ਲਈ ਮੁਫ਼ਤ ਬੈ ਕਰ ਰਖੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਂਝੇ ਫਾਰਮ ਜ਼ਰਾਇਤੀ ਆਰਟਲ ਦੇ ਨਿਯਮਾਂ ਅਨੁਸਾਰ ਚਲਾਏ ਜਾਂਦੇ ਹਨ। ਹਰ ਇਕ ਅਜਿਹਾ ਫਾਰਮ ਜ਼ਰਾਇਤੀ ਆਰਟਲ ਦੇ ਨਮੂਨੇ-ਯੋਗ ਨਿਯਮਾਂ ਦੇ ਆਧਾਰ ਤੇ ਆਪਣੇ ਨਿਯਮ ਬਣਾਉਂਦਾ ਹੈ। ਜ਼ਰਾਇਤੀ ਆਰਟਲ ਦੇ ਨਿਯਮ ਫਰਵਰੀ ੧੯੩੫ ਵਿਚ ਸਾਂਝੇ ਫਾਰਮਾਂ ਦੇ ਛੋਹਲੇ ਕਾਮਿਆਂ ਦੀ ਦੂਜੀ ਸਰਬ-ਯੂਨੀਅਨ ਕਾਂਗਰਸ ਵਿਚ ਤਿਆਰ ਕੀਤੇ ਗਏ ਤੇ ਪਰਵਾਨ ਹੋਏ ਸਨ। ਇਹ ਨਿਯਮ ਸਾਂਝੇ ਫਾਰਮਾਂ ਦੇ ਕੰਮਾਂ ਤੇ ਸਰਗਰਮੀਆਂ ਦੇ ਪੂਰੇ ਪ੍ਰਬੰਧ ਦੀ ਵਿਆਖਿਆ ਕਰਦੇ ਹਨ ਤੇ ਇਨ੍ਹਾਂ ਅਨੁਸਾਰ ਸਾਂਝੇ ਕਿਸਾਨਾਂ ਦੀ ਆਪਣੀ ਨਿੱਜੀ ਸਹਾਇਕ ਖੇਤੀ ਦੀ ਹਦ ਵੀ ਮੁਕਰਰ ਕੀਤੀ ਗਈ ਹੈ।

(ਵੇਖੋ ਉਤਰ ਨੰਬਰ ੫੪)

ਸਾਂਝੇ ਫਾਰਮ ਦੇ ਕੰਮ ਕਾਜ ਨੂੰ ਸਾਂਝੇ ਕਿਸਾਨਾਂ ਦੀ ਜਨਰਲ ਮੀਟਿੰਗ ਚਲਾਂਦੀ ਹੈ, ਤੇ ਦੋ ਮੀਟਿੰਗਾਂ ਦੇ ਵਿਚਕਾਰਲੇ ਸਮੇਂ ਵਿਚ ਪ੍ਰਬੰਧ-ਬੋਰਡ ਤੇ ਉਸ ਦਾ ਪਰਧਾਨ ਸਾਰੇ ਮਾਮਲੇ ਨਜਿਠਦਾ ਹੈ। ਜਨਰਲ ਮੀਟਿੰਗ ਵਿਚ ਪ੍ਰਬੰਧ-ਬੋਰਡ ਦੀ ਸਾਲਾਨਾ ਰੀਪੋਰਟ, ਸਾਲ ਦੀ ਪੈਦਾਵਾਰ-ਪਲੈਨ ਤੇ ਹਰ ਇਕ ਕੰਮ ਦੇ ਮਿਆਰ ਤੇ ਇਹਦੇ ਲਈ ਮੁਕੱਰਰ ਹੋਈਆਂ ਕੰਮ-ਦਿਹਾੜੀਆਂ ਨੂੰ ਪਰਵਾਨ ਕੀਤਾ ਜਾਂਦਾ ਹੈ (ਵੇਖੋ ਉਤਰ ਨੰਬਰ ੫੨)। ਜਨਰਲ ਮੀਟਿੰਗ ਫੈਸਲਾ ਕਰਦੀ ਹੈ ਕਿ ਫਾਰਮ ਵਿਚ ਕਿੰਨੀ ਪੂੰਜੀ ਹੋਰ ਲਾਉਣੀ ਹੈ ਅਤੇ ਇਕ ਕੰਮ-ਦਿਹਾੜੀ ਲਈ ਕਿੰਨੀ ਰਕਮ, ਨਕਦੀ ਤੇ ਜਿਨਸ ਵਿਚ, ਮੁਕੱਰਰ ਕਰਨੀ ਹੈ। ਨਕਦ ਆਮਦਨੀ ਵਿਚੋਂ ਫਾਰਮ ਸਰਕਾਰੀ ਟੈਕਸ ਤੇ ਇਨਸ਼ੋਰੈਂਸ ਪਰੀਮੀਅਮ ਦੇਂਦਾ ਹੈ। ਇਹ ਜ਼ਰੂਰੀ ਚਾਲੂ ਪੈਦਾਵਾਰੀ ਲੋੜਾਂ ਲਈ ਅਦਾਇਗੀ ਕਰਦਾ ਹੈ, ਸਭ ਉਤਲੇ ਖਰਚ ਪੂਰੇ ਕਰਦਾ ਹੈ, ਸਭਿਆਚਾਰਕ ਲੋੜਾਂ ਲਈ ਰਕਮ ਮਨਜ਼ੂਰ ਕਰਦਾ ਹੈ ਅਤੇ ਉਸ ਫੰਡ ਲਈ ਵਖਰੀ ਰਕਮ ਕਢਦਾ ਹੈ ਜਿਸ ਵਿਚੋਂ ਖੇਤੀ ਦੇ ਸੰਦ ਤੇ ਪਸ਼ੂ ਖਰੀਦੇ ਜਾਂਦੇ ਹਨ ਤੇ ਨਵੀਆਂ ਇਮਾਰਤਾਂ ਬਣਾਈਆਂ ਜਾਂਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੇ ਫਾਰਮ ਬੜੇ ਹੀ ਨਿਪੁੰਨ ਤੇ ਹਰ ਪੱਖ ਤੋਂ ਉੱਨਤ ਬਹੁ-ਭਾਂਤੀ ਖੇਤੀ ਦੇ ਕਾਰੋਬਾਰ ਹਨ; ਇਹ ਉੱਨਤ ਖੇਤੀ-ਵਿਗਿਆਨ ਦੀਆਂ ਨਵੀਨ ਖੋਜਾਂ ਤੇ ਕਾਢਾਂ ਦਾ ਪੂਰਾ ਪੂਰਾ ਲਾਭ ਉਠਾਂਦੇ ਤੇ ਇਕ ਪਲੈਨ ਅਨੁਸਾਰ ਚਲਾਏ ਜਾਂਦੇ ਹਨ । ਬਹੁਤੀ ਮਿਹਨਤ ਵਾਲੇ ਸਾਰੇ ਕੰਮ ਮਸ਼ੀਨਾਂ ਦੁਆਰਾ ਕੀਤੇ ਜਾਂਦੇ ਹਨ। ਸਰਕਾਰੀ ਮਸ਼ੀਨ ਤੇ ਟਰੈਕਟਰ ਸਟੇਸ਼ਨ (ਮ. ਟ. ਸ.) ਬੜੀ ਘਟ ਫੀਸ ਤੇ ਫਾਰਮ ਦੀ ਜ਼ਮੀਨ ਵਾਹ ਦੇਂਦੇ ਹਨ (ਵੇਖੋ ਉਤਰ ਨੰਬਰ ਪੜ) । ੧੯੫ੜ ਵਿਚ ਸਾਂਝੇ ਫਾਰਮਾਂ ਦੇ ਖੇਤਾਂ ਤੇ ੮੦ ਫੀ ਸਦੀ ਮੁਖ ਕੰਮ ਮਸ਼ੀਨ ਤੇ ਟਰੈਕਟਰ ਸਟੇਸ਼ਨਾਂ ਨੇ ਕੀਤਾ ਸੀ, ਲਗ ਪਗ ਸਾਰੀ ਦੀ ਸਾਰੀ ਵਾਹੀ, ਅਤੇ ਹਾੜੀ ਦੀ ੯ੜ ਫੀ ਸਦੀ ਬੀਜਾਈ ਤੇ ਸਾਉਣੀ ਦੀ ੮ੜ ਫੀ ਸਦੀ ਬੀਜਾਈ ਮਸ਼ੀਨਾਂ ਦੁਆਰਾ ਹੋਈ ਸੀ। ੭੭ ਫੀ ਸਦੀ ਅਨਾਜ ਦੀ ਫਸਲ ਦੀ ਕਟਾਈ ਮਸ਼ੀਨਾਂ ਨਾਲ ਕੀਤੀ ਗਈ ਅਤੇ ਚਕੰਦਰ ਦੀ ੮੦ ਫੀ ਸਦੀ ਫਸਲ ਦੀ ਪੁਟਾਈ ਚਕੰਦਰ ਪੁਟਣ ਦੀਆਂ ਖਾਸ ਮਸ਼ੀਨਾਂ ਨਾਲ ਕੀਤੀ ਗਈ। ਸਾਂਝੇ ਫਾਰਮ ਦੀ ਪੈਦਾਵਾਰ ਦੇ ਹਰ ਖੇਤਰ ਵਿਚ ਬਹੁਤੀ ਮਿਹਨਤ ਵਾਲੇ ਸਾਰੇ ਕੰਮਾਂ ਨੂੰ ਮਸ਼ੀਨੀ ਬਨਾਣ ਵਿਚ ਮ.ਟ.ਸ. ਫੈਸਲਾਕੁਨ ਰੋਲ ਅਦਾ ਕਰਦੇ ਹਨ।

ਸਾਂਝੇ ਫਾਰਮਾਂ ਨੇ ਜ਼ਰਾਇਤੀ ਪੈਦਾਵਾਰ ਨੂੰ ਬੇਹਦ ਤਰੱਕੀ ਦਿਤੀ ਹੈ ਅਤੇ ਕਿਸਾਨਾਂ ਦੇ ਜੀਵਨ ਮਿਆਰ ਨੂੰ ਬਹੁਤ ਜ਼ਿਆਦਾ ਉੱਚਾ ਕੀਤਾ ਹੈ। ਜੰਗ ਤੋਂ ਪਹਿਲਾਂ ਹੀ ੧੯੪੦ ਵਿਚ ਦੇਸ਼ ਦੀ ਕੁਲ ਜ਼ਰਾਇਤੀ ਪੈਦਾਵਾਰ ਇਨਕਲਾਬੋਂ ਪਹਿਲੇ ਦੌਰ ਦੇ ਟਾਕਰੇ ਤੇ ਦੁਗਣੀ ਹੋ ਗਈ ਸੀ। ਫਾਰਮਾਂ ਦੀ ਆਮਦਨੀ ਚੋਂ ਉਨ੍ਹਾਂ ਦੇ ਹਿਸੇ ਵਜੋਂ ਕਰੋੜਾਂ ਸਾਂਝੇ ਕਿਸਾਨਾਂ ਦੇ ਹਰ ਇਕ ਪਰਵਾਰ ਨੂੰ ਸਵਾ ਦੋ ਸੌ ਮਣ ਤੋਂ ਪੌਣੇ ਸ਼ਤ ਸੌ ਮਣ ਤਕ ਅਨਾਜ ਅਤੇ ਕਈ ਹਜ਼ਾਰ ਰੂਬਲ ਦੀ ਰਕਮ ਨਕਦ ਮਿਲੀ। ਇਹ ਉਨ੍ਹਾ ਦੀ ਖ਼ਾਲਸ ਆਮਦਨੀ ਸੀ; ਕਿਉਂ ਜੁ ਸਾਂਝੀ ਆਰਥਕਤਾ ਨੂੰ ਚਲਾਣ ਦੇ ਸਾਰੇ ਖਰਚੇ ਸਾਂਝੇ ਫਾਰਮ

CC-0. In Public Domain. Gurukul Kangri Collection, Haridwar

ਵਲੋਂ ਇਸ ਮਤਲਬ ਲਈ ਕਰੇ ਕੰਡ ਵਿਚੋਂ ਕੀਤੇ ਗਏ ਸਨ। ਸੋਵੀਅਟ ਯੂਨੀਅਨ ਦੇ ਦੇਹਾਤੀ ਇਲਾਕਿਆਂ ਚੋਂ ਗਰੀਬੀ ਤੇ ਥੁੜ੍ਹ ਸਦਾ ਸਦਾ ਲਈ ਅਲੋਪ ਹੋ ਗਏ ਹਨ। ਸਾਂਝੇ ਫਾਰਮਾਂ ਦੇ ਕਿਸਾਨ ਖੁਸ਼ਹਾਲੀ ਤੇ ਸਭਿਆਚਾਰ ਦਾ ਜੀਵਨ ਬਿਤਾ ਰਹੇ ਹਨ।

ਜੰਗ-ਮਗਰਲੇ ਵਰ੍ਹਿਆਂ ਵਿਚ ਹੋਰ ਵੀ ਤਰੱਕੀ ਹੋਈ ਹੈ। ਕਿਸਾਨਾਂ ਦੀ ਅਸਲੀ ਆਮਦਨੀ (ਹਰ ਇਕ ਕੰਮ ਕਰਦੇ ਕਿਸਾਨ ਪ੍ਰਤੀ) ੧੯੫੧ ਵਿਚ ੧੯੪੦ ਨਾਲੋਂ ੬੦ ਫੀ ਸਦੀ ਬਹੁਤੀ ਸੀ, ੧੯੫੨ ਵਿਚ ਇਸ ਵਿਚ ੮ ਫੀ ਸਦੀ ਵਾਧਾ ਹੋਇਆ ਤੇ ੧੯੫੩ ਵਿਚ ੧੩ ਫੀ ਸਦੀ ਹੋਰ ਵਾਧਾ ਹੋਇਆ।

ਸਾਂਝੇ ਫਾਰਮਾਂ ਵਿਚ ਸਕੂਲਾਂ, ਕਲੱਬਾਂ ਤੇ ਕਰੈਸ਼ਾਂ ਦਾ ਜਾਲ ਵਿਛਾ ਦਿਤਾ ਗਿਆ ਹੈ ਅਤੇ ਅਨੇਕਾਂ ਸਭਿਆਚਾਰਕ ਤੇ ਲੋਕ-ਭਲਾਈ ਸੰਬੰਧੀ ਇਮਾਰਤਾਂ ਦੀ ਅਤੇ ਆਰਾਮ-ਦੇਹ ਰਿਹਾਇਸ਼ੀ ਮਕਾਨਾਂ ਦੀ ਉਸਾਰੀ ਹੋ ਰਹੀ ਹੈ।

ਸਾਂਝੀ ਖੇਤੀ ਦੇ ਰਾਹ ਤੇ ਚਲ ਕੇ ਸੋਵੀਅਟ ਕਿਰਸਾਣੀ ਨੇ ਬੜੇ ਥੋੜੇ ਸਮੇਂ ਵਿਚ ਦੇਹਾਤੀ ਇਲਾਕੇ ਦੇ ਜੁਰਮਾਂ, ਪੁਰਾਣੇ ਪਛੜੇਪਨ ਦਾ ਅੰਤ ਕਰ ਦਿਤਾ ਹੈ ਅਤੇ ਇਕ ਸੁਖੀ, ਖੁਸ਼ਹਾਲ ਤੇ ਸਭਜ ਜੀਵਨ ਪ੍ਰਾਪਤ ਕਰ ਲਿਆ ਹੈ।

੫੨. ਸਾਡੇ ਸਾਂਝੇ ਫਾਰਮ (ਖੇਤ) ਤੇ ਕੰਮ ਦਾ ਮੁਆਵਜ਼ਾ ਕਿਵੇਂ ਮਿਲਦਾ ਹੈ?

ਸਾਂਝੇ ਫਾਰਮ ਦੀ ਆਮਦਨੀ ਇਸਦੇ ਮੈਂਬਰਾਂ ਵਿਚਕਾਰ ਜ਼ਰਾਇਤੀ ਸਾਲ ਦੇ ਦੌਰਾਨ ਵਿਚ ਕੀਤੇ ਗਏ ਕੰਮ ਦੀ ਮਿਕਦਾਰ ਤੇ ਪ੍ਰਕਾਰ (ਕੁਆਲਟੀ ਦੇ ਤਨਾਸਬ ਨਾਲ ਨਕਦੀ ਤੇ ਜਿਨਸ ਵਿਚ ਵੰਡੀ ਜਾਂਦੀ ਹੈ।

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝੇ ਖੇਤ ਦੇ ਮੈਂਬਰ ਦੇ ਕੀਤੇ ਕੰਮ ਅਤੇ ਇਹਦੇ ਮੁਆਵਜ਼ੇ ਦਾ ਲੇਖਾ ਕਰਨ ਦੀ ਪ੍ਰਮਾਣੀਕ ਇਕਾਈ ਕੰਮ ਦੀ ਦਿਹਾੜੀ ਹੈ।

ਇਕ ਹੈਕਟੇਅਰ (੨.੪੭ ਜਾਂ ਲਗ ਪਗ ਢਾਈ ਏਕੜ) ਜ਼ਮੀਨ ਵਾਹਣੀ, ਜਾਂ ਇਕ ਹੈਕਟੇਅਰ ਖੇਤ ਦੀ ਗੋਡੀ, ਦੁਧ ਦੀ ਇਕ ਖ਼ਾਸ ਮਿਕਦਾਰ ਹਾਸਲ ਕਰਨੀ ਆਦਿ ਹਰ ਕੰਮ ਨੂੰ ਕੰਮ–ਦਿਹਾੜੀਆਂ ਵਿਚ ਤੋਲਿਆ ਜਾਂਦਾ ਹੈ। ਜਿੰਨਾਂ ਗੁੰਝਲਦਾਰ ਤੇ ਕਲਾਪੂਰਤ ਕੰਮ ਹੁੰਦਾ ਹੈ ਤੇ ਜਿੰਨੀ ਬਹੁਤੀ ਮਿਹਨਤ ਉਹ ਮੰਗਦਾ ਹੈ, ਉਹਦੇ ਲਈ ਉੱਨੀਆਂ ਹੀ ਬਹੁਤੀਆਂ ਕੰਮ–ਦਿਹਾੜੀਆਂ ਮੁਕਰਰ ਕੀਤੀਆਂ ਜਾਂਦੀਆਂ ਹਨ।

ਸਾਂਝੇ ਕਿਸਾਨ ਦੀ ਮਿਹਨਤ ਦੇ ਕੁਲ ਮੁਆਵਜ਼ੇ ਦਾ ਆਧਾਰ ਸਿਰਫ਼ ਉਹਦੇ ਕੀਤੇ ਕੰਮ ਦੀਆਂ ਦਿਹਾੜੀਆਂ ਹੀ ਨਹੀਂ ਸਗੋਂ ਇਹ ਗੱਲ ਵੀ ਹੈ ਕਿ ਕੰਮ–ਦਿਹਾੜੀ ਦਾ ਨਕਦੀ ਜਾਂ ਜਿਨਸ ਵਿਚ ਮੁੱਲ ਕੀ ਹੈ। ਅਤੇ ਇਸ ਗੱਲ ਦਾ ਫੈਸਲਾ ਸਾਂਝੇ ਖੇਤ ਦੀ ਪੈਦਾਵਾਰ ਅਤੇ ਉਸਦੇ ਪਸ਼ੂ ਧਨ ਦੀ ਪੈਦਾਵਾਰ ਤੇ ਹੈ। ਜਿਨੀ ਬਹੁਤੀ ਫਸਲ ਹੋਵੇਗੀ ਤੇ ਜਿੰਨਾ ਬਹੁਤਾ ਪਸ਼ੂ-ਧਨ ਵਿਚ ਵਾਧਾ ਹੋਵੇਗਾ, ਉੱਨਾਂ ਹੀ ਕੰਮ-ਦਿਹਾੜੀ ਦਾ ਮੁੱਲ ਬਹੁਤਾ ਹੋਵੇਗਾ ਅਤੇ ਉੱਨੀ ਹੀ ਬਹੁਤੀ ਨਕਦੀ ਤੇ ਜਿਨਸ ਸਾਂਝੇ ਕਿਸਾਨ ਨੂੰ ਮੁਆਵਜ਼ੇ ਵਿਚ ਮਿਲੇਗੀ।

ਇਸ ਸਿਸਟਮ ਵਿਚ ਸਾਂਝੇ ਕਿਸਾਨ ਦੀ ਸਿਰਫ਼ ਬਹੁਤੀਆਂ ਕੰਮ-ਦਿਹਾੜੀਆਂ ਖਟਣ ਵਿਚ ਹੀ ਦਿਲਚਸਪੀ ਨਹੀਂ ਸਗੋਂ ਉਹ ਯਤਨ ਕਰਦਾ ਹੈ ਕਿ ਆਪਣੇ ਸਾਥੀ ਕਿਸਾਨਾਂ ਨਾਲ ਮਿਲਕੇ ਸਾਂਝੇ ਫਾਰਮ ਦੀ ਆਮਦਨੀ ਨੂੰ ਵਧ ਤੋਂ ਵਧ ਸੰਭਵ ਹਦ ਤਕ ਵਧਾਏ, ਅਤੇ ਇਸ ਪ੍ਰਕਾਰ ਸਾਂਝੀ ਖੇਤੀ ਦੇ ਹੋਰ ਵਿਕਾਸ ਤੇ ਉਨਤੀ ਲਈ ਰਾਹ ਖੋਹਲੇ। ਸਾਂਝਾ ਫਾਰਮ ਸਾਂਝੇ ਕਿਸਾਨ ਦੇ ਨਿਜੀ ਲਾਭਾਂ ਅਤੇ ਸਮੁੱਚੇ ਰੂਪ ਵਿਚ ਸਾਂਝੇ ਫ਼ਾਰਮ ਦੇ ਲਾਭਾਂ ਨੂੰ ਬੜੀ ਸੁਹਣੀ ਤਰ੍ਹਾਂ ਇਕ ਮਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਦੇਂਦਾ ਹੈ।

ਹਰ ਇਕ ਕੰਮ-ਦਿਹਾੜੀ ਲਈ ਦਿਤੀ ਜਾਣ ਵਾਲੀ ਨਕਦੀ ਤੇ ਜਿਨਸ ਦਾ ਫੈਸਲਾ ਹਰ ਵਰ੍ਹੇ ਦੇ ਅੰਤ ਤੇ ਕੀਤਾ ਜਾਂਦਾ ਹੈ। ਵਰ੍ਹੇ ਦੇ ਅਧ ਵਿਚ, ਵਾਢੀ ਵੇਲੇ, ਕਿਸਾਨਾਂ ਨੂੰ ਨਕਦੀ ਤੇ ਜਿਨਸ ਦੀ ਸ਼ਕਲ ਵਿਚ ਪੇਸ਼ਗੀ ਮਿਲਦੀ ਹੈ। ਆਖਰੀ ਹਿਸਾਬ ਕਿਤਾਬ ਜ਼ਰਾਇਤੀ ਸਾਲ ਦੇ ਅਖ਼ੀਰ ਵਿਚ ਕੀਤਾ ਜਾਂਦਾ ਹੈ।

ਇਕ ਸਾਂਝੇ ਕਿਸਾਨ ਨੂੰ ਆਪਣੀਆਂ ਕੰਮ-ਦਿਹਾੜੀਆਂ ਲਈ ਕੀ ਕੁਝ ਮਿਲਦਾ ਹੈ? ਉਦਾਹਰਣ ਵਜੋਂ ਅਸੀਂ ਅਲੈਕਸੀ ਸਲੀਵਿਨ ਨੂੰ ਲੈਂਦੇ ਹਾਂ। ਉਹ ਸਾਰਾਤੋਵ ਪ੍ਰਦੇਸ਼ ਦੇ ਨੋਵੋ-ਪੀਤਰੋਵਸਕੀ ਜ਼ਿਲੇ ਦੇ ਗੋਲੋਵਾਤੀ ਸਾਂਝੇ ਫਾਰਮ ਦਾ ਮੈਂਬਰ ਹੈ। ਇਕ ਵਰ੍ਹੇ ਵਿਚ ਉਹਨੇ ਤੇ ਉਹਦੇ ਪਰਵਾਰ ਨੇ ੧੪੭੫ ਕੰਮ-ਦਿਹਾੜੀਆਂ ਖੱਟੀਆਂ, ਜਿਨ੍ਹਾਂ ਬਦਲੇ ਉਨ੍ਹਾਂ ਨੂੰ ੨੫੭ ਮਣ ਅਨਾਜ, ਦੂਜੀਆਂ ਉਪਜਾਂ ਦੀ ਕਾਫ਼ੀ ਮਿਕਦਾਰ, ਅਤੇ ੭,੮੧੭ ਰੂਬਲ ਨਕਦ ਮਿਲੇ।

ਇਹ ਸਾਂਝੇ ਖੇਤਾਂ ਦੇ ਇਕ ਕਿਸਾਨ ਪਰਵਾਰ ਦੀ ਔਸਤ ਆਮਦਨੀ ਹੈ।

ਸਾਂਝੇ ਕਿਸਾਨਾਂ ਨੂੰ ਜਿਹੜੀ ਜਿਨਸ ਮਿਲਦੀ ਹੈ ਉਸ ਨਾਲ ਸਿਰਫ ਉਨ੍ਹਾਂ ਦੀਆਂ ਨਿਜੀ ਲੋੜਾਂ ਹੀ ਪੂਰੀਆਂ ਨਹੀ ਹੁੰਦੀਆਂ ਸਗੋਂ ਉਨ੍ਹਾਂ ਕੋਲ ਕਾਫ਼ੀ ਅਨਾਜ ਬਚ ਰਹਿੰਦਾ ਹੈ ਜਿਹੜਾ ਉਹ ਸਰਕਾਰੀ ਸੰਸਥਾਵਾਂ, ਕੋ-ਆਪ੍ਰੇਟਿਵਾਂ, ਜਾਂ ਸਾਂਝੇ-ਫਾਰਮਾਂ ਦੀਆਂ ਮੰਡੀਆਂ ਵਿਚ ਵੇਚ ਦੇਂਦੇ ਹਨ।

ਆਪਣੀਆਂ ਕੰਮ-ਦਿਹਾੜੀਆਂ ਲਈ ਮਿਲੇ ਬੁਨਿਆਦੀ ਮੁਆਵਜ਼ੇ ਤੋਂ ਬਿਨਾਂ ਸਾਂਝੇ ਕਿਸਾਨਾਂ ਨੂੰ ਫਸਲਾਂ ਦੇ ਝਾੜ ਤੇ ਪਸ਼ੂ-ਧਨ ਦੀ ਪੈਦਾਵਾਰ ਵਿਚ ਤਜਵੀਜ਼ ਕੀਤੇ ਟੀਚੇ (ਪਲੈਨ) ਤੋਂ ਵੀ ਅਗੇ ਟਪ ਜਾਣ ਲਈ ਵਾਧੂ ਮੁਆਵਜ਼ਾ ਦਿਤਾ ਜਾਂਦਾ ਹੈ। ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਕੰਮ ਦੀ ਮਿਕਦਾਰ ਤੇ ਪ੍ਰਕਾਰ (ਕੁਆਲਟੀ) ਦੋਵੇਂ ਹੀ ਵੇਖੀਆਂ ਜਾਂਦੀਆਂ ਹਨ।

ਸਾਂਝੇ ਕਿਸਾਨਾਂ ਨੂੰ ਜੋ ਅਨਾਜ, ਦੂਜੀ ਉਪਜ ਤੇ ਨਕਦ ਰਕਮ ਮਿਲਦੀ ਹੈ ਇਹ ਉਨ੍ਹਾਂ ਦੀ ਖਾਲਸ ਆਮਦਨੀ ਹੈ, ਕਿਉਂ ਜੁ ਫਾਰਮ ਦੇ ਹਰ ਪ੍ਰਕਾਰ ਦੇ ਖਰਚੇ ਫਾਰਮ ਵਲੋਂ ਹੁੰਦੇ ਹਨ। ਇਸ ਤੋਂ ਛੁਟ ਸਾਂਝੇ ਕਿਸਾਨਾਂ ਨੂੰ ਆਪਣੀ ਸਹਾਇਕ ਖੇਤੀ ਤੋਂ ਵਾਧੂ ਆਮਦਨੀ ਵੀ ਹੁੰਦੀ ਹੈ (ਵੇਖੋ ਉਤਰ ਨੰਬਰ ੫੪)।

ਸਾਂਝਾ ਫਾਰਮ ਕਿਸਾਨਾਂ ਦੀਆਂ ਮਾਦੀ ਤੇ ਸਭਿਆਚਾਰਕ ਲੋੜਾਂ ਪੂਰੀ ਤਰ੍ਹਾਂ ਪੂਰੀਆਂ ਕਰਦਾ ਹੈ।

੫੩. ਮਸ਼ੀਨ ਤੇ ਟਰੈਕਟਰ ਸਟੇਸ਼ਨ ਕੀ ਹੁੰਦਾ ਹੈ?

ਮਸ਼ੀਨ ਤੇ ਟਰੈਕਟਰ ਸਟੇਸ਼ਨ, ਜਿਨ੍ਹਾਂ ਨੂੰ ਸੰਖੇਪ ਕਰ ਕੇ 'ਮ. ਟ. ਸ.' ਵੀ ਆਖ ਦਿਤਾ ਜਾਂਦਾ ਹੈ, ਸਾਂਝੇ ਫਾਰਮਾਂ ਦੀ ਸੇਵਾ ਕਰਨ ਲਈ ਕਾਇਮ ਕੀਤੇ ਗਏ ਸਰਕਾਰੀ ਸੋਸ਼ਲਿਸਟ ਅਦਾਰੇ ਹਨ। ਸੋਵੀਅਟ ਯੂਨੀਅਨ ਵਿਚ ਅਜਿਹੇ ੯ ਹਜ਼ਾਰ ਸਟੇਸ਼ਨ ਹਨ। ਹਰ ਇਕ ਮਸ਼ੀਨ ਤੇ ਟਰੈਕਟਰ ਸਟੇਸ਼ਨ ਕੋਲ ਟਰੈਕਟਰ, ਕਟਾਈ ਤੇ ਗਹਾਈ ਦੀਆਂ ਮਸ਼ੀਨਾਂ, ਬੀਜਾਈ ਦੀਆਂ ਮਸ਼ੀਨਾਂ ਅਤੇ ਹੋਰ ਨਵੀਨ ਜ਼ਰਾਇਤੀ ਸੰਦ ਤੇ ਮਸ਼ੀਨਾਂ ਇਰਦ ਗਿਰਦ ਦੇ ਸਾਂਝੇ ਫਾਰਮਾਂ ਦੀ ਜ਼ਮੀਨ ਦੀ ਕਾਸ਼ਤ ਲਈ ਰਖੇ ਹੁੰਦੇ ਹਨ।

ਇਸ ਵੇਲੇ ਮਸ਼ੀਨ ਤੇ ਟਰੈਕਟਰ ਸਟੇਸ਼ਨਾਂ ਕੋਲ (੧੫ ਘੋੜਾ ਸ਼ਕਤੀ ਦੇ ਟਰੈਕਟਰ ਨੂੰ ਇਕਾਈ ਮਿਥ ਕੇ) ੯,੬੯,੦੦੦ ਜਾਂ ਜੰਗ ਤੋਂ ਪਹਿਲਾਂ ਨਾਲੋਂ ੭੪ ਫੀ ਸਦੀ ਵਧ ਟਰੈਕਟਰ ਹਨ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
੨,੫੫,੦੦੦ ਕਟਾਈ ਗਹਾਈ ਦੀਆਂ ਮਸ਼ੀਨਾਂ ਹਨ ਜੋ ੧੯੪੦ ਤੋਂ ੬੬ ਫੀ ਸਦੀ ਵਧ ਹਨ । ਜੰਗ ਮਗਰਲੇ ਸਾਲਾਂ ਵਿਚ ਇਨ੍ਹਾਂ ਸਟੇਸ਼ਨਾਂ ਨੂੰ ਹੋਰ ਅਨੇਕਾਂ ਨਵੀਆਂ ਮਸ਼ੀਨਾਂ ਮਿਲੀਆਂ ਹਨ। ਪਹੀਆ-ਟਰੈਕਟਰਾਂ ਦੇ ਟਾਕਰੇ ਤੇ ਡੀਜ਼ਲ ਟਰੈੱਕ-ਲੇਇੰਗ ਟਰੈਕਟਰ ਪ੍ਰਸਿਧ ਹੋ ਰਹੇ ਹਨ, ੧੯੪੦ ਦੇ ਟਾਕਰੇ ਤੇ ਇਨ੍ਹਾਂ ਦੀ ਗਿਣਤੀ ਵਿਚ ਚੌਦਾਂ ਗੁਣਾ ਵਾਧਾ ਹੋਇਆ ਹੈ ।

ਇਹਨਾਂ ਸਟੇਸ਼ਨਾਂ ਤੇ ਸਾਂਝੇ ਫਾਰਮਾਂ ਵਿਚ ਸਮਝੌਤਿਆਂ ਦੁਆਰਾ ਸਬੰਧ ਕਾਇਮ ਹੁੰਦੇ ਹਨ ।

ਇਹਨਾਂ ਸਟੇਸ਼ਨਾਂ ਦਾ ਸਾਰਾ ਕੰਮ ਤਜਵੀਜ਼ ਅਨੁਸਾਰ ਹੁੰਦਾ ਹੈ। ਸਟੇਸ਼ਨ ਦੀ ਕੌਂਸਲ, ਜਿਸ ਵਿਚ ਡਾਇਰੈਕਟਰ, ਸੀਨੀਅਰ ਮਕੈਨਿਕ, ਸੀਨੀਅਰ ਅਗਰੋਨੋਮਿਸਟ, ਮੁਖ ਬੁਕ ਕੀਪਰ ਹੁੰਦੇ ਹਨ ਅਤੇ ਸਟੇਸ਼ਨ ਦੁਆਰਾ ਸਹਾਇਤਾ ਲੈਂਦੇ ਸਾਂਝੇ ਫਾਰਮਾਂ ਦੇ ਪਰਧਾਨ ਪੈਦਾਵਾਰ ਸਬੰਧੀ ਪਲੈਨਾਂ ਤੇ ਵਿਚਾਰ ਤੇ ਬਹਿਸ ਕਰਦੇ ਹਨ ।

ਮ. ਟ. ਸ. ਦੀ ਬੁਨਿਆਦੀ ਉਪਜ-ਇਕਾਈ ਟਰੈਕਟਰ ਬਰੀਗੇਡ ਹੈ ।

ਇਹ ਬਰੀਗੇਡ ਖਾਸ ਫਾਰਮਾਂ ਨਾਲ ਪੂਰੇ ਮੌਸਮ ਲਈ ਲਾ ਦਿਤੇ ਜਾਂਦੇ ਹਨ । ਇਸ ਪ੍ਰਬੰਧ ਨਾਲ ਕੀਤੇ ਕੰਮ ਦੀ ਪ੍ਰਕਾਰ (ਗੁਣ, ਕੁਆਲਟੀ) ਲਈ ਟਰੈਕਟਰ ਡਰਾਈਵਰ ਦੀ ਨਿੱਜੀ ਜ਼ਿਮੇਵਾਰੀ ਵਧ ਜਾਂਦੀ ਹੈ ।

ਇਕ ਮ. ਟ. ਸ. ਦਾ ਕੰਮ ਸਿਰਫ ਉਸ ਦੁਆਰਾ ਵਾਹੀ ਗਈ ਜ਼ਮੀਨ ਦੇ ਰਕਬੇ ਤੋਂ ਹੀ ਨਹੀਂ, ਸਗੋਂ ਫਾਰਮਾਂ ਦੀ ਉਪਜ ਤੋਂ ਵੀ ਜਾਚਿਆ ਜਾਂਦਾ ਹੈ । ਸਮਝੌਤਿਆਂ ਵਿਚ ਦਰਜ ਦਰ ਅਨੁਸਾਰ ਸਾਂਝੇ ਫਾਰਮ ਮ. ਟ. ਸ. ਨੂੰ ਜਿਨਸ ਵਿਚ ਅਦਾਇਗੀ ਕਰਦੇ ਹਨ ।

ਮ. ਟ. ਸ. ਦਾ ਕੰਮ ਮਸ਼ੀਨਾਂ ਨਾਲ ਜ਼ਮੀਨ ਵਾਹੁਣ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਪੂਰਾ ਨਹੀਂ ਹੋ ਜਾਂਦਾ। ਖੇਤੀ ਬਾੜੀ ਦੇ ਉਚੇ ਮਿਆਰ ਨੂੰ ਤਰੱਕੀ ਦੇਣਾ ਵੀ ਇਹਦੇ ਕੰਮਾਂ ਵਿਚ ਸ਼ਾਮਲ ਹੈ, ਇਸ ਤਰ੍ਹਾਂ ਇਹ ਆਪਣੇ ਸਾਂਝੇ ਫਾਰਮਾਂ ਨੂੰ ਮਜ਼ਬੂਤ ਬਨਾਉਣ ਤੇ ਤਰੱਕੀ ਦੇਣ ਵਿਚ ਕਿਸਾਨਾਂ ਦੀ ਸਹਾਇਤਾ ਕਰਦੇ ਹਨ।

ਮ. ਟ. ਸ. ਦੇ ਅਗਰੋਨੋਮਿਸਟਾਂ (ਖੇਤੀ ਦੇ ਮਾਹਰਾਂ) ਦੀ ਅਗਵਾਈ ਵਿਚ, ਕਿਸਾਨ ਖੇਤੀ ਸੰਬੰਧੀ ਬੜੀਆਂ ਵਡੀਆਂ ਵਡੀਆਂ ਤਜਵੀਜ਼ਾਂ (ਪਲੈਨਾਂ) ਸਿਰੇ ਚਾੜ੍ਹਦੇ ਹਨ; ਉਹ ਯੋਗ ਖੇਤੀ-ਗੋੜ ਦੇ ਢੰਗ ਸ਼ੁਰੂ ਕਰਦੇ ਹਨ, ਹਿਫ਼ਾਜ਼ਤੀ ਜੰਗਲ ਉਗਾਂਦੇ ਹਨ, ਤਲਾ ਤੇ ਸਰੋਵਰ ਉਸਾਰਦੇ ਹਨ ਅਤੇ ਹੋਰ ਬੜੇ ਕੰਮ ਕਰਦੇ ਹਨ। ਮ.ਟ.ਸ. ਸਾਂਝੇ ਕਿਸਾਨਾਂ ਵਿਚੋਂ ਟਰੈਕਟਰ ਡਰਾਈਵਰਾਂ ਤੇ ਖੇਤੀ ਬਾੜੀ ਦੀਆਂ ਦੂਜੀਆਂ ਮਸ਼ੀਨਾਂ ਵਰਤਣ ਵਾਲਿਆਂ ਦੀ ਸਿਖਲਾਈ ਦਾ ਵੀ ਪ੍ਰਬੰਧ ਕਰਦਾ ਹੈ।

ਹਰ ਇਕ ਮ. ਟ. ਸ. ਦਾ ਇਕ ਡਾਇਰੈਕਟਰ ਹੁੰਦਾ ਹੈ ਜਿਸ ਨੂੰ ਸੋਵੀਅਟ ਯੂਨੀਅਨ ਦੀ ਵਜ਼ਾਰਤ-ਜ਼ਰਾਇਤ ਮੁਕਰਰ ਕਰਦੀ ਹੈ।

ਜੰਗ-ਮਗਰੋਂ ਵਿਸ਼ੇਸ਼ ਮ. ਟ. ਸ. ਕਾਇਮ ਕੀਤੇ ਗਏ ਹਨ। ਇਹਨਾਂ ਵਿਚ ਹਿਫ਼ਾਜ਼ਤੀ ਜੰਗਲ, ਪਸ਼ੂ ਪਾਲਣ ਵਿਗਿਆਨ ਅਤੇ ਚਰਾਂਦਾਂ ਨੂੰ ਉੱਨਤ ਕਰਨ ਦੇ ਸਟੇਸ਼ਨ ਵੀ ਸ਼ਾਮਲ ਹਨ। ਇਹ ਸਟੇਸ਼ਨ ਹਿਫ਼ਾਜ਼ਤੀ ਜੰਗਲ ਲਾਣ, ਪਸ਼ੂ ਪਾਲਣ ਦੇ ਪੇਸ਼ੇ ਨੂੰ ਮਸ਼ੀਨੀ ਬਣਾਣ, ਆਪਣੀਆਂ ਚਰਾਗਾਹਾਂ ਤੇ ਚਰਾਂਦਾਂ ਨੂੰ ਉੱਨਤ ਕਰਨ ਅਤੇ ਆਪਣੇ ਪਸ਼ੂਆਂ ਲਈ ਚਾਰਾ ਵਧਾਣ ਵਿਚ ਸਾਂਝੇ ਕਿਸਾਨਾਂ ਦੀ ਸਹਾਇਤਾ ਕਰਦੇ ਹਨ।

੧੯੫੨ ਵਿਚ, ਇਹਨਾਂ ਸਟੇਸ਼ਨਾਂ ਨੇ ਸਾਂਝੇ ਫਾਰਮਾਂ ਦਾ ਤਿੰਨ ਚੌਥਾਈ ਖੇਤ-ਕੰਮ ਕੀਤਾ। ਲਗ ਪਗ ਸਾਰੀ ਦੀ ਸਾਰੀ ਵਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ੮੦ ਫੀ ਸਦੀ ਤੋਂ ਉਪਰ ਬੀਜਾਈ ਮਸ਼ੀਨਾਂ ਦੁਆਰਾ ਕੀਤੀ ਗਈ, ਅਤੇ ਅਨਾਜ ਦੀ ਫਸਲ ਦੇ ੭੭ ਫੀ ਸਦੀ ਰਕਬੇ ਤੇ ਮਸ਼ੀਨਾਂ ਨਾਲ ਕਟਾਈ ਤੇ ਗਹਾਈ ਕੀਤੀ ਗਈ।

ਹੁਣ ਮਸ਼ੀਨ ਤੇ ਟਰੈਕਟਰ ਸਟੇਸ਼ਨਾਂ (ਮ. ਟ. ਸ.) ਦੇ ਕੰਮ ਨੂੰ ਹੋਰ ਚੰਗੇਰਾ ਬਣਾਣ ਵਲ ਬੜਾ ਧਿਆਨ ਦਿਤਾ ਜਾ ਰਿਹਾ ਹੈ। ਇਸ ਮਨੋਰਥ ਨੂੰ ਮੁਖ ਰਖ ਕੇ ਮ. ਟ. ਸਾਂ. ਉਤੇ ਪੱਕੇ ਮਸ਼ੀਨੀ ਮਾਹਿਰ ਰਖੇ ਜਾ ਰਹੇ ਹਨ, ਜੋ ਕਿ ਮਸ਼ੀਨਾਂ ਤੋਂ ਪੂਰਾ ਪੂਰਾ ਲਾਭ ਉਠਾ ਸਕਣ ਤੇ ਉਹਨਾਂ ਦੀ ਨਿਪੁੰਨਤਾ ਭਰੀ ਵਰਤੋਂ ਕਰ ਸਕਣ ਦੇ ਯੋਗ ਹੋਣ।

ਮ. ਟ. ਸਾਂ. ਦਾ ਪ੍ਰਬੰਧ ਸੁਧਾਰਨ ਲਈ ਵੀ ਬੜਾ ਕੁਝ ਹੋ ਰਿਹਾ ਹੈ। ਪਸ਼ੂ-ਪਾਲਨ ਦੇ ਕੰਮ ਦੀ ਤਰੱਕੀ ਲਈ ਵੀ ਮ. ਟ. ਸਾਂ. ਨੂੰ ਵਧੇਰੇ ਜ਼ੁੰਮੇਵਾਰੀ ਸੌਂਪੀ ਗਈ ਹੈ।

ਮਸ਼ੀਨ ਤੇ ਟਰੈਕਟਰ ਸਟੇਸ਼ਨਾਂ ਨੇ ਜ਼ਰਾਇਤ ਵਿਚ ਬੜੀ ਨਿਪੁੰਨਤਾ ਲਿਆਂਦੀ ਹੈ, ਕਿਸਾਨਾਂ ਦਾ ਕੰਮ-ਭਾਰ ਬਹੁਤ ਜ਼ਿਆਦਾ ਹੌਲਾ ਕਰ ਦਿਤਾ ਹੈ, ਉਹਨਾਂ ਦੀ ਮਿਹਨਤ ਦੀ ਉਪਜਾਊ-ਸ਼ਕਤੀ ਵਧਾ ਦਿਤੀ ਹੈ ਤੇ ਇਸਤਰਾਂ ਦੇਸ ਦੀ ਜ਼ਰਾਇਤੀ ਪੈਦਾਵਾਰ ਦੀ ਤੇਜ਼ ਤਰਕੀ ਲਈ ਕੰਮ ਕੀਤਾ।

੫੪. ਇਕ ਸਾਂਝੇ ਕਿਸਾਨ ਦੀ ਸਹਾਇਕ ਖੇਤੀ ਦਾ ਕੀ ਮਤਲਬ ਹੈ ?

ਸਾਂਝੀ, ਸੋਸ਼ਲਿਸਟ ਜਾਇਦਾਦ ਸਾਂਝੀ ਖੇਤੀ ਦੇ ਪ੍ਰਬੰਧ ਦੀ ਬੁਨਿਆਦ ਹੈ, ਇਹ ਇਸ ਗਲ ਦੀ ਜ਼ਾਮਨੀ ਹੈ ਕਿ ਸਾਂਝਾ ਫਾਰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰੱਕੀ ਕਰਦਾ ਹੈ ਤੇ ਇਹਦੇ ਮੈਂਬਰਾਂ ਦੀ ਖ਼ੁਸ਼ਹਾਲੀ ਵਿਚ ਵਾਧਾ ਹੁੰਦਾ ਹੈ।

ਪਰ, ਇਸ ਬੁਨਿਆਦੀ ਸਾਂਝੀ ਖੇਤੀ ਦੇ ਨਾਲ ਨਾਲ, ਜ਼ਰਾਇਤੀ ਆਰਟਲ ਦੇ ਨਿਯਮ ਅਨੁਸਾਰ ਹਰ ਇਕ ਸਾਂਝੇ-ਕਿਸ਼ਾਨ ਪ੍ਰਵਾਰ ਨੂੰ ਇਸ ਗਲ ਦੀ ਆਗਿਆ ਹੈ ਕਿ ਉਹ ਆਪਣੀ ਜ਼ਾਤੀ ਸਹਾਇਕ ਖੇਤੀ ਕਰ ਸਕੇ।

ਸਾਂਝੇ ਕਿਸਾਨਾਂ ਦੇ ਜ਼ਾਤੀ ਖੇਤੀ ਦੇ ਇਸ ਹਕ ਦੀ ਕਾਨੂੰਨ ਆਗਿਆ ਦੇਂਦਾ ਹੈ। ਸੋਵੀਅਟ ਵਿਧਾਨ ਵਿਚ ਦਰਜ ਹੈ:

"ਸਾਂਝੇ ਫਾਰਮ ਤੇ ਹਰ ਇਕ ਪਰਵਾਰ ਕੋਲ, ਸਾਂਝੀ ਖੇਤੀ ਦੇ ਸਾਂਝੇ ਕਾਰੋਬਾਰ ਤੋਂ ਮਿਲਣ ਵਾਲੀ ਬੁਨਿਆਦੀ ਆਮਦਨੀ ਤੋਂ ਇਲਾਵਾ, ਆਪਣੀ ਘਰੋਗੀ ਵਰਤੋਂ ਲਈ ਜ਼ਮੀਨ ਦਾ ਇਕ ਛੋਟਾ ਟੁਕੜਾ ਹੁੰਦਾ ਹੈ ਅਤੇ ਆਪਣੀ ਨਿੱਜੀ ਜਾਇਦਾਦ ਦੇ ਰੂਪ ਵਿਚ, ਇਸ ਟੁਕੜੇ ਤੇ ਉਹ ਜ਼ਰਾਇਤੀ ਆਮਦਨ ਦੇ ਨਿਯਮ ਅਨੁਸਾਰ ਸਹਾਇਕ ਖੇਤੀ ਕਰ ਸਕਦਾ, ਆਪਣਾ ਰਿਹਾਇਸ਼ੀ ਮਕਾਨ ਬਣਾ ਸਕਦਾ ਅਤੇ ਪਸ਼ੂ, ਮੁਰਗੀਆਂ ਤੇ ਛੋਟੇ ਮੋਟੇ ਜ਼ਰਾਇਤੀ ਸੰਦ ਰਖ ਸਕਦਾ ਹੈ।

ਇਹਨਾਂ ਨਿਯਮਾਂ ਅਨੁਸਾਰ, ਸਹਾਇਕ ਭੋਂ-ਟੁਕੜੇ ਦਾ ਰਕਬਾ ਇਕ ਚੁਥਾਈ ਤੋਂ ਅਧੇ ਹੈਕਟੇਅਰ (ਤਿੰਨ-ਪੰਜਵੇਂ ਤੋਂ ਸਵਾ ਏਕੜ) ਤਕ ਹੁੰਦਾ ਹੈ, ਇਸ ਵਿਚ ਉਹ ਰਕਬਾ ਸ਼ਾਮਲ ਨਹੀਂ ਜਿਸ ਤੇ ਮਕਾਨ ਉਸਰਿਆ ਹੋਵੇ। ਕੁਝ ਜ਼ਿਲਿਆਂ ਵਿਚ ਸਹਾਇਕ ਭੋਂ-ਟੋਟੇ ਦਾ ਰਕਬਾ ਇਕ ਹੈਕਟੇਅਰ (ਲਗ ਪਗ ਢਾਈ ਏਕੜ) ਤਕ ਹੁੰਦਾ ਹੈ।

ਮੁਖ ਜ਼ਰਾਇਤੀ ਇਲਾਕਿਆਂ ਵਿਚ ਸਾਂਝਾ ਕਿਸਾਨ ਆਪਣੀ ਨਿਜੀ ਜਾਇਦਾਦ ਦੇ ਰੂਪ ਵਿਚ ਇਕ ਗਊ, ਇਕ ਜਾਂ ਦੋ ਵੱਛੇ, ਦਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਕ ਭੇਡਾਂ ਬਕਰੀਆਂ ਅਤੇ ਜਿੰਨੀਆਂ ਚਾਹੇ ਮੁਰਗੀਆਂ ਰਖ ਸਕਦਾ ਹੈ। ਪਸ਼ੂ ਪਾਲਣ ਵਾਲੇ ਇਲਾਕਿਆਂ ਵਿਚ, ਜਿਥੇ ਖੇਤੀ ਨੂੰ ਦੂਜੇ ਦਰਜੇ ਦੀ ਮਹਾਨਤਾ ਹੈ, ਇਕ ਸਾਂਝਾ ਕਿਸਾਨ ਨਿਜੀ ਵਰਤੋਂ ਲਈ ਚਾਰ ਜਾਂ ਪੰਜ ਗਊਆਂ ਤੇ ਵੱਛੇ, ੩੦ ਤੋਂ ੪੦ ਭੇਡਾਂ ਬਕਰੀਆਂ ਅਤੇ ਬੇਅੰਤ ਮੁਰਗੀਆਂ, ਇਕ ਘੋੜਾ ਜਾਂ ਦੋ ਊਠ ਰਖ ਸਕਦਾ ਹੈ।

ਜਿਨ੍ਹਾਂ ਇਲਾਕਿਆਂ ਵਿਚ ਪਸ਼ੂ ਦੂਰ ਦੁਰਾਡੇ ਪਹਾੜਾਂ ਜਾਂ ਦੂਰ ਦੁਰਾਡੇ ਦੀਆਂ ਚਰਾਗਾਹਾਂ ਵਿਚ ਚਰਨ ਲਈ ਲੰਮੇ ਚਿਰ ਲਈ ਲਿਜਾਏ ਜਾਂਦੇ ਹਨ, ਇਕ ਸਾਂਝਾ ਕਿਸਾਨ ਅਠ ਦਸ ਗਊਆਂ ਤੇ ੧੦੦ ਤੋਂ ੧੫੦ ਤਕ ਭੇਡਾਂ, ਦਸ ਤਕ ਘੋੜੇ ਜਾਂ ੮ ਊਠ ਰਖ ਸਕਦਾ ਹੈ।

ਸਾਂਝੇ ਕਿਸਾਨਾਂ ਦੀ ਨਿਜੀ ਸਹਾਇਕ ਖੇਤੀ ਉਹਨਾਂ ਦੀ ਆਮਦਨੀ ਦਾ ਇਕ ਵਾਧੂ ਸਾਧਨ ਹੈ, ਕਿਸਾਨਾਂ ਦੀ ਬੁਨਿਆਦੀ ਆਮਦਨੀ ਸਾਂਝੀ ਖੇਤੀ ਤੋਂ ਹੀ ਪ੍ਰਾਪਤ ਹੁੰਦੀ ਹੈ।

੫੫. ਸਰਕਾਰੀ ਫਾਰਮ ਕੀ ਹੁੰਦਾ ਹੈ?

ਸਰਕਾਰੀ ਫਾਰਮ ਵਡੇ ਪੈਮਾਨੇ ਤੇ ਸੋਸ਼ਲਿਸਟ ਜ਼ਰਾਇਤ ਦਾ ਕਾਰੋਬਾਰ ਹੈ ਜਿਸ ਦੀ ਮਾਲਕ ਸਟੇਟ ਹੈ ਤੇ ਉਹ ਹੀ ਇਹਨੂੰ ਚਲਾਂਦੀ ਹੈ। ਇਕ ਸਰਕਾਰੀ ਫਾਰਮ ਦੀ ਕਾਸ਼ਤ ਹੇਠਲੀ ਜ਼ਮੀਨ ਦੀ ਔਸਤ ੨੦,੦੦੦ ਹੈਕਟੇਅਰ ਹੈ। ਇਹਨਾਂ ਫਾਰਮਾਂ ਨੂੰ ਪਹਿਲੇ ਦਰਜੇ ਦੀਆਂ ਜ਼ਰਾਇਤੀ ਮਸ਼ੀਨਾਂ ਦਿਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਖੇਤਾਂ ਦਾ ਅਤੇ ਪਸ਼ੂ ਪਾਲਣ ਦਾ ਕੰਮ ਉਨਤ ਵਿਗਿਆਨਕ ਢੰਗਾਂ ਤੇ ਹੁੰਦਾ ਹੈ।

ਸੋਵੀਅਟ ਯੂਨੀਅਨ ਵਿਚ ੪੯੩੫ ਸਰਕਾਰੀ ਫਾਰਮ ਹਨ। ਇਨ੍ਹਾਂ ਵਿਚ ਅਨਾਜ ਦੇ, ਕਪਾਹ ਦੇ, ਪਸ਼ੂ ਪਾਲਣ ਦੇ, ਫਲਾਂ ਤੇ ਬਾਗਾਂ ਦੇ, ਚਾਹ ਦੇ ਅਤੇ ਦੂਜੇ ਫਾਰਮ ਸ਼ਾਮਲ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿਆਣੇ ਦੀ ਖੇਤੀ ਬਾੜੀ ਦਾ ਇਕ ਵਿਸ਼ੇਸ਼ ਲੱਛਣ ਇਹ ਹੈ ਕਿ ਉਹ ਖੇਤੀ ਬਾੜੀ ਦੇ ਇਕ ਖਾਸ ਖੇਤਰ ਵਿਚ ਸੌੜੀ ਤਰ੍ਹਾਂ ਉਚੇਚਾ ਧਿਆਨ ਨਹੀਂ ਦੇਂਦੇ, ਸਗੋਂ ਉਹਨਾਂ ਦੀ ਖੇਤੀ ਬਾੜੀ ਇਕਠੇ ਹੋਏ ਬਹੁ-ਪੱਖੀ ਤੇ ਗੁੰਦਵੀਂ ਹੁੰਦੀ ਹੈ। ਇਸ ਤਰ੍ਹਾਂ, ਇਕ ਸਰਕਾਰੀ ਅਨਾਜ ਉਗਾਊ ਫਾਰਮ ਤੇ ਕਾਫੀ ਗਿਣਤੀ ਵਿਚ ਪਸ਼ੂ ਵੀ ਪਾਲੇ ਜਾਂਦੇ ਹਨ ਅਤੇ ਇਕ ਪਸ਼ੂ-ਪਾਲਕ ਫਾਰਮ ਤੇ ਵਾਹੀ ਖੇਤੀ ਵੀ ਕੀਤੀ ਜਾਂਦੀ ਹੈ।

ਮਸ਼ੀਨਾਂ ਦੀ ਵਿਸ਼ਾਲ ਵਰਤੋਂ ਅਤੇ ਵਿਗਿਆਨਕ ਖੇਤੀ ਬਾੜੀ ਦੇ ਕਾਰਨ ਸਰਕਾਰੀ ਫਾਰਮਾਂ ਦੀ ਕੁਲ ਪੈਦਾਵਾਰ ਵਿਚ, ਮੰਡੀ ਵਿਚ ਭੇਜੀ ਜਾਣ ਵਾਲੀ ਪੈਦਾਵਾਰ ਵਿਚ ਅਤੇ ਮਜ਼ਦੂਰਾਂ ਦੀ ਮਿਹਨਤ ਦੀ ਉਪਜਾਊ-ਸ਼ਕਤੀ ਵਿਚ ਬੇਮਿਸਾਲ ਵਾਧਾ ਹੋਇਆ ਹੈ।

ਉਦਾਹਰਣ ਵਜੋਂ, ਰੋਸਤੋਵ ਪ੍ਰਦੇਸ਼ ਵਿਚ ਗੀਗਾਂਤ ਦੇ ਸਰਕਾਰੀ ਅਨਾਜ-ਫਾਰਮ ਤੋਂ ਪ੍ਰਤੀ ਹੈਕਟੇਅਰ ਪਏ ਮਣ ਤੋਂ ਵਧ ਅਨਾਜ ਪੈਦਾ ਹੁੰਦਾ ਹੈ ਅਤੇ ਕੋਸਤਰੋਮਾ ਪ੍ਰਦੇਸ਼ ਦੇ ਕਾਰਾਵੋਵੋ ਸਰਕਾਰੀ ਪਸ਼ੂ-ਪਾਲਨ ਫਾਰਮ ਤੋਂ ਸਾਲ ਵਿਚ ਹਰ ਗਊ ਪ੍ਰਤੀ ੧੧੦੦ ਗੈਲਨ ਦੁਧ ਪ੍ਰਾਪਤ ਹੁੰਦਾ ਹੈ।

ਸਰਕਾਰੀ ਫਾਰਮ ਆਪਣੀ ਉਪਜ ਦੀ ਬੜੀ ਉਚੀ ਸ਼ਰਾਹ ਦੇ ਕਾਰਨ ਦੇਸ ਦੇ ਅਨਾਜ, ਸਨਅਤੀ ਫਸਲਾਂ ਤੇ ਪਸ਼ੂ- ਧਨ ਵਿਚ ਬੜਾ ਵਡਾ ਹਿਸਾ ਪਾਉਂਦੇ ਹਨ।

ਸਰਕਾਰੀ ਫਾਰਮਾਂ ਨੇ ਆਪਣੀ ਨਵੇਂ ਤੋਂ ਨਵੇਂ ਟੈਕਨੀਕਲ ਮਸ਼ੀਨਾਂ ਤੇ ਖੇਤੀ ਸੰਬੰਧੀ ਵਿਗਿਆਨਿਕ ਢੰਗਾਂ ਦਾ ਸਦਕਾ ਜ਼ਰਾਇਤ ਦੀ ਸੋਸ਼ਲਿਸਟ ਮੁੜ-ਉਸਾਰੀ ਵਿਚ ਬੜਾ ਵਡਾ ਹਿਸਾ ਪਾਇਆ ਹੈ।

ਇਹਨਾਂ ਦੇ ਮਿਸਾਲਦਾਇਕ ਕੰਮ ਨੇ ਹੀ ਕਿਸਾਨਾਂ ਨੂੰ ਛਟੇ-ਪੈਮਾਨੇ ਦੀ ਨਿਜੀ ਖੇਤੀ ਦੇ ਟਾਕਰੇ ਤੇ ਵਡੇ-ਪੈਮਾਨੇ ਦੀ ਸੋਸ਼-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਸਟ ਖੇਤੀ ਦੇ ਲਾਭ ਦੇਖੇ। ਇਹਨਾਂ ਨੇ ਸਾਂਝੇ ਫਾਰਮ ਕਾਇਮ ਕਰਨ ਵਿਚ ਵੀ ਕਿਸਾਨਾਂ ਦੀ ਮਦਦ ਕੀਤੀ।

ਸਰਕਾਰੀ ਪਲੈਨ ਅਨੁਸਾਰ, ਸਰਕਾਰੀ ਫਾਰਮ ਸਾਂਝੇ ਫਾਰਮਾਂ ਨੂੰ ਬੜੇ ਥੋੜੇ ਮੁਲ ਤੇ ਚੋਣਵੇ ਬੀਜ ਤੇ ਵਖੋ ਵਖ ਨਸਲਾਂ ਦੇ ਪਸ਼ੂ ਮਹੱਈਆ ਕਰਦੇ ਹਨ।

ਸਰਕਾਰੀ ਫਾਰਮ ਸੋਵੀਅਟ ਯੂਨੀਅਨ ਵਿਚ ਜ਼ਰਾਇਤੀ ਪੈਦਾਵਾਰ ਦੀ ਸਪਲਾਈ ਦੇ ਮਹਤਵ-ਪੂਰਨ ਵਸੀਲੇ ਹਨ। ਆਉਣ ਵਾਲੇ ਦੋ ਤਿੰਨ ਵਰ੍ਹੇ ਵਿਚ ਉਹ ਸਟੇਟ ਨੂੰ ਘਟੋ ਘਟ ੮੦ ਲਖ ਟਨ ਅਨਾਜ ਦੇਣਗੇ ਅਤੇ ਮਾਸ, ਦੁਧ, ਉੱਨ ਤੇ ਦੂਜੀਆਂ ਵਸਤਾਂ ਦੀ ਸਪਲਾਈ ਵੀ ਵਧਾਣਗੇ।

ਪ੬. ਸੋਵੀਅਟ ਯੂਨੀਅਨ ਇਕ ਉੱਨਤ ਸਨਅਤੀ ਦੇਸ਼ ਕਿਵੇਂ ਬਣ ਗਿਆ ?

ਪੈਦਾਵਾਰ ਤੇ ਟੈਕਨੀਕਲ ਮਿਆਰ ਦੇ ਲਿਹਾਜ਼ ਨਾਲ ਜ਼ਾਰ-ਸ਼ਾਹੀ ਰੂਸ ਵਿਚ ਸਨਅਤ ਦੂਜੇ ਉੱਨਤ ਸਨਅਤੀ ਦੇਸਾਂ ਦੇ ਟਾਕਰੇ ਤੇ ਬੜੀ ਪਛੜੀ ਹੋਈ ਸੀ। ਸਨਅਤੀ ਪੈਦਾਵਾਰ ਦੇ ਲਿਹਾਜ਼ ਜ਼ਾਰਸ਼ਾਹੀ ਰੂਸ ਦਾ ਦੁਨੀਆਂ ਵਿਚ ਪੰਜਵਾਂ ਤੇ ਯੂਰਪ ਵਿਚ ਚੌਥਾ ਦਰਜਾ ਸੀ।

ਜੰਗ ਤੋਂ ਪਹਿਲਾਂ ਦੀਆਂ ਪੰਜ-ਸਾਲਾਂ ਪਲੈਨਾਂ ਦੇ ਸਮੇਂ ਵਿਚ (੧੯੨੮–੧੯੪੦) ਅਰਥਾਤ ਤੇਰ੍ਹਾਂ ਵਰ੍ਹਿਆਂ ਤੋਂ ਘਟ ਸਮੇਂ ਵਿਚ, ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਸੋਵੀਅਟ ਰੂਸ ਨੇ ਦੇਸ ਦੀ ਆਰਥਕ ਮੁੜ-ਉਸਾਰੀ ਦੀ ਮਹਾਨ ਪਲੈਨ ਸਿਰੇ ਚਾੜ੍ਹੀ, ਜਿਸ ਨਾਲ ਸੋਵੀਅਟ ਰੂਸ ਇਕ ਉੱਨਤ ਸਨਅਤੀ ਦੇਸ ਬਣ ਗਿਆ। ਇਹ ਕੰਮ ਸੋਸ਼ਲਿਸਟ ਸਨਅਤੀ ਕਰਣ ਦੁਆਰਾ ਸਿਰੇ ਚੜ੍ਹਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਮਾਏਦਾਰ ਦੇਸਾਂ ਨੇ ਆਮ ਤੌਰ ਤੇ ਆਪਣਾ ਸਨਅਤੀ-ਕਰਣ ਹੌਲੀ ਸਨਅਤ ਤੋਂ ਸ਼ੁਰੂ ਕੀਤਾ। ਇਸ ਤੋਂ ਇਲਾਵਾ, ਸਨਅਤੀ-ਕਰਣ ਲਈ ਲੋੜੀਂਦਾ ਪੈਸਾ ਉਨ੍ਹਾਂ ਨੇ ਬਹੁਤਾ ਆਪਣੇ ਦੇਸ ਦੇ ਅਤੇ ਨੌਆਬਾਦੀਆਂ ਦੇ ਮਿਹਨਤਕਸ਼ ਲੋਕਾਂ ਦੀ ਲੁਟ ਖਸੁਟ ਕਰ ਕੇ ਲੁਟੇਰਾ ਜੰਗਾਂ ਲੜ ਕੇ ਤੇ ਬਦੇਸ਼ੀ ਕਰਜ਼ਿਆਂ ਦੁਆਰਾ ਹਾਸਲ ਕੀਤਾ।

ਸੋਵੀਅਟ ਯੂਨੀਅਨ ਇਸ ਰਾਹ ਤੇ ਨਹੀਂ ਸੀ ਤੁਰ ਸਕਦਾ। ਨਾ ਹੀ ਇਸ ਪ੍ਰਕਾਰ ਦੇ ਸਾਧਨਾਂ ਦੁਆਰਾ ਲੋੜੀਂਦਾ ਧਨ ਇਕੱਠਾ ਕਰ ਸਕਦਾ ਸੀ।

ਸੋਵੀਅਟ ਯੂਨੀਅਨ ਦਾ ਸਨਅਤੀ ਕਰਣ ਬਦੇਸ਼ੀ ਕਰਜ਼ਿਆਂ ਦੁਆਰਾ ਨਹੀਂ, ਸਗੋਂ ਇਹਦੇ ਲਈ ਦੇਸ ਅੰਦਰਲੇ ਵਸੀਲੇ ਵਰਤ ਕੇ ਹੀ ਪਰਵਾਨ ਚੜ੍ਹਾਇਆ ਗਿਆ।

ਸੋਸ਼ਲਿਸਟ ਸਨਅਤੀ-ਕਰਣ ਦੀ ਬੁਨਿਆਦ ਪੈਦਾਵਾਰੀ ਵਸੀਲਿਆਂ ਦੀ ਲੋਕ-ਮਾਲਕੀ ਸੀ।

ਮਜ਼ਦੂਰਾਂ ਦੀ ਮਿਹਨਤ ਦੀ ਉਪਜਾਊ ਸ਼ਕਤੀ ਵਧਾ ਕੇ ਤੇ ਪੈਦਾਵਾਰੀ ਖਰਚਾ ਘਟਾ ਕੇ, ਹਰ ਪਖ ਵਿਚ ਸਖਤੀ ਨਾਲ ਸੰਜਮ ਵਰਤ ਕੇ ਅਤੇ ਲੋਕਾਂ ਦੀ ਆਪਣੀ ਮਰਜ਼ੀ ਦੇ ਆਧਾਰ ਉਤੇ ਅੰਦਰਲੇ ਕਰਜ਼ੇ ਸਫਲਤਾ-ਪੂਰਵਕ ਪ੍ਰਾਪਤ ਕਰ ਕੇ, ਸੋਵੀਅਟ ਯੂਨੀਅਨ ਨੇ ਉਹ ਬੇਅੰਤ ਵਸੀਲੇ ਪੈਦਾ ਕਰ ਲਏ ਜੋ ਦੇਸ ਨੂੰ ਸਨਅਤੀ ਦੇਸ਼ ਬਨਾਣ ਲਈ ਲੋੜੀਦੇ ਸਨ।

ਸੋਵੀਅਟ ਯੂਨੀਅਨ ਨੇ ਸਨਅਤੀ ਉਸਾਰੀ ਦਾ ਕੰਮ ਹੌਲੀ ਸਨਅਤ ਨਾਲ ਨਹੀਂ, ਸਗੋਂ ਭਾਰੀ ਸਨਅਤ ਨਾਲ ਸ਼ੁਰੂ ਕੀਤਾ, ਕਿਉਂ ਜੋ ਸਿਰਫ ਇਸੇ ਢੰਗ ਨਾਲ ਆਰਥਕ ਆਜ਼ਾਦੀ ਹਾਸਲ ਕਰਨਾ ਤੇ ਦੇਸ ਦੀ ਸੁਰੱਖਿਆ ਸ਼ਕਤੀ ਨੂੰ ਪੱਕਾ ਤੇ ਤਕੜਾ ਕਰਨਾ ਸੰਭਵ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਸ਼ਲਿਸ਼ਟ ਸਨਅਤੀ ਕਰਣ ਦੇ ਸਿਟ ਵਜੋਂ ਸੋਵੀਅਟ ਯੂਨੀਅਨ ਦੂਜੇ ਸੰਸਾਰ ਯੁਧ ਤੋਂ ਬੜੇ ਵਰ੍ਹੇ ਪਹਿਲਾਂ ਹੀ ਪੈਦਾਵਾਰੀ ਟੈਕਨੀਕ ਤੇ ਸਨਅਤੀ ਪੈਦਾਵਾਰ ਦੇ ਵਾਧੇ ਦੀ ਦਰ ਦੇ ਲਿਹਾਜ਼ ਨਾਲ ਮੁਖ ਸਰਮਾਏਦਾਰ ਦੇਸਾਂ ਤੋਂ ਅਗੇ ਲੰਘ ਚੁਕਾ ਸੀ।

ਜੰਗ ਤੋਂ ਪਹਿਲੇ ਵਰ੍ਹੇ ੧੯੪੦ ਵਿਚ ਸੋਵੀਅਟ ਯੂਨੀਅਨ ਵਿਚ ਵਡੇ ਪੈਮਾਨੇ ਦੀ ਸਨਅਤ ਦੀ ਕੁਲ ਪੈਦਾਵਾਰ ੧੯੧੩ ਵਿਚ ਜ਼ਾਰਸ਼ਾਹੀ ਰੂਸ ਦੀ ਇਸ ਪੈਦਾਵਾਰ ਦੇ ਟਾਕਰੇ ਤੇ ਲਗ ਪਗ ਬਾਰਾਂ ਗੁਣਾ ਸੀ। ਇਸੇ ਦੌਰ ਵਿਚ ਇੰਜਨੀਅਰਿੰਗ ਦੀ ਸਨਅਤ ਦੀ ਕੁਲ ਉਪਜ ਪੰਜਾਹ ਗੁਣਾ ਵਧ ਗਈ। ਦੂਜਾ ਸੰਸਾਰ-ਯੁਧ ਛਿੜਨ ਵੇਲੇ ਸਨਅਤੀ ਤਰੱਕੀ ਦੀ ਪਧਰ ਅਨੁਸਾਰ ਸੋਵੀਅਟ ਯੂਨੀਅਨ ਯੂਰਪ ਵਿਚ ਪਹਿਲੀ ਅਤੇ ਦੁਨੀਆਂ ਭਰ ਵਿਚ ਦੂਜੀ ਥਾਂ ਪ੍ਰਾਪਤ ਕਰ ਚੁਕਾ ਸੀ।

ਦੂਜੇ ਸੰਸਾਰ-ਯੁਧ ਦੇ ਦੌਰਾਨ ਵਿਚ ਸੋਵੀਅਟ ਯੂਨੀਅਨ ਦੀ ਜ਼ਬਰਦਸਤ ਸਨਅਤ ਨੇ ਸੋਵੀਅਟ ਫੌਜ ਨੂੰ ਬੇਅੰਤ ਹਥਿਆਰ ਸਪਲਾਈ ਕੀਤੇ, ਜਿਸ ਕਰ ਕੇ ਸੋਵੀਅਟ ਜਨਤਾ ਹਿਟਲਰੀ, ਜ਼ਰਮਨੀ ਅਤੇ ਉਸਦੇ ਚਾਟੜਿਆਂ ਉਤੇ ਜਿਤ ਪ੍ਰਾਪਤ ਕਰਨ ਦੇ ਯੋਗ ਹੋ ਸਕੀ।

੫੭. ਪੰਜ ਸਾਲਾ ਪਲੈਨਾਂ ਨੇ ਕੌਮੀ ਰੀਪਬਲਿਕਾਂ ਦੀ ਸਨਅਤ ਵਿਚ ਕੀ ਤਬਦੀਲੀਆਂ ਲਿਆਂਦੀਆਂ ਹਨ ?

ਪੁਰਾਣੇ ਰੂਸ ਵਿਚ ਸਨਅਤ ਦੇਸ ਦੇ ਯੂਰਪੀ ਹਿੱਸੇ ਦੇ ਕੇਂਦਰੀ ਤੇ ਪਛਮੀ ਇਲਾਕਿਆਂ ਵਿਚ ਇਕਠੀ ਹੋਈ ਹੋਈ ਸੀ। ਪੂਰਬੀ ਸਰਹਦੀ ਇਲਾਕਿਆਂ ਵਿਚ ਕੋਈ ਵੀ ਅਹਿਮ ਕਾਰਖਾਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਮਿੱਲ ਨਹੀਂ ਸੀ।

ਕਮਊਨਿਸਟ ਪਾਰਟੀ ਤੇ ਸੋਵੀਅਟ ਸਰਕਾਰ ਨੇ ਇਨ੍ਹਾਂ ਇਲਾਕਿਆਂ ਦੇ ਪਛੜੇਪਨ ਨੂੰ ਦੂਰ ਕਰਨ, ਦੇਸ ਭਰ ਵਿਚ ਸਨਅਤ ਦੀ ਵਧੇਰੇ ਇਕ-ਸਾਰ ਵੰਡ ਕਰਨ ਅਤੇ ਸਨਅਤ ਨੂੰ ਕੱਚੇ ਮਾਲ ਦੇ ਸੋਮਿਆਂ ਤੇ ਮਾਲ ਦੀ ਖਪਤ ਵਾਲੇ ਇਲਾਕਿਆਂ ਦੇ ਨੇੜੇ ਲਿਜਾਣ ਦਾ ਬੀੜਾ ਚੁੱਕਿਆ।

ਪੰਜ-ਸਾਲਾ ਪਲੈਨਾਂ ਸ਼ੁਰੂ ਹੋਣ ਦੇ ਸਮੇਂ ਤੋਂ ਲੋਹੇ ਤੇ ਫੌਲਾਦ ਦੀਆਂ ਤੇਲ ਤੇ ਰਸਾਇਣੀ ਪਦਾਰਥਾਂ ਦੀਆਂ ਸਨਅਤਾਂ ਸੋਵੀਅਟ ਕੌਮੀ ਰੀਪਬਲਿਕਾਂ ਵਿਚ ਹੀ ਕਾਇਮ ਕੀਤੀਆਂ ਗਈਆਂ ਹਨ; ਵਡੇ ਵਡੇ ਬਿਜਲੀ-ਘਰ, ਜ਼ਰਾਇਤੀ ਮਸ਼ੀਨਰੀ ਦੇ ਕਾਰਖ਼ਾਨੇ, ਟਰੈਕਟਰ ਤੇ ਮੋਟਰ ਕਾਰਾਂ ਬਣਾਣ ਦੀਆਂ ਫੈਕਟਰੀਆਂ, ਸੀਮਿੰਟ ਤੇ ਸੂਤੀ ਕਪੜੇ ਦੇ ਵਡੇ ਵਡੇ ਕਾਰਖਾਨੇ, ਖ਼ੁਰਾਕ ਦੀਆਂ ਚੀਜ਼ਾਂ ਬਨਾਣ ਦੀਆਂ ਫੈਕਟਰੀਆਂ ਅਤੇ ਹੋਰ ਕਈ ਪ੍ਰਕਾਰ ਦੇ ਕਾਰਖਾਨੇ ਕਾਇਮ ਕੀਤੇ ਗਏ ਹਨ। ਇਨ੍ਹਾਂ ਦਾ ਸਦਕਾ ਜ਼ਾਰਸ਼ਾਹੀ ਸਮੇ ਦੇ ਸਰਹਦੀ ਇਲਾਕਿਆਂ ਦਾ ਰੰਗ ਢੰਗ ਹੀ ਬਦਲ ਦਿਤਾ ਹੈ। ਰੂਸ ਲੋਕਾਂ ਦੀ ਭਰਾਤਰੀ ਮਦਦ ਨਾਲ ਸੋਵੀਅਟ ਰੀਪਬਲਿਕਾਂ ਦੀਆਂ ਕੌਮਾਂ ਨੇ ਆਪਣੇ ਆਰਥਕ ਵਿਕਾਸ ਵਿਚ ਬੇਹਦ ਤਰੱਕੀ ਕਰ ਲਈ ਹੈ।

ਉਦਾਹਰਣ ਵਜੋਂ, ਆਰਮੀਨੀਆਂ ਨੇ ੧੯੧੩ ਦੇ ਟਾਕਰੇ ਤੇ ੧੯੪੦ ਵਿਚ ਸਨਅਤ ਵਿਚ ੨੨ ਗੁਣਾਂ ਵਾਧਾ ਕਰ ਲਿਆ ਸੀ; ਜਾਰਜੀਆ ਦੀ ਸਨਅਤ ਵਿਚ ੨੬ ਗੁਣਾ, ਕਿਰਗੀਜ਼ੀਆ ਦੀ ਸਨਅਤ ਵਿਚ ੧੬੦ ਗੁਣਾ ਤੇ ਤਾਜਕਸਤਾਨ ਦੀ ਸਨਅਤ ਵਿਚ ੨੪੨ ਗੁਣਾਂ ਵਾਧਾ ਹੋਇਆ ਸੀ। ਕੌਮੀ ਰੀਪਬਲਿਕਾਂ ਨੇ ਜੰਗ-ਮਗਰਲੇ ਵਰ੍ਹਿਆਂ ਵਿਚ ਹੋਰ ਵੀ ਬਹੁਤੀ ਸਨਅਤੀ ਤਰੱਕੀ ਕੀਤੀ ਹੈ।

ਇਹਨਾਂ ਰੀਪਬਲਿਕਾਂ ਦੀ ਸਨਅਤੀ ਤਰੱਕੀ ਦੀ ਉੱਚੀ ਪਧਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਦਰਸਾਣ ਲਈ ਇਕ ਮਿਸਾਲ ਇਹ ਹੈ : ਉਜ਼ਬਕ, ਕਾਜ਼ਕ, ਕਿਰਗੀਜ਼,ਤੁਰਕਮਾਨ ਤੇ ਤਾਜਕ ਰੀਪਬਲਿਕਾਂ, ਜਿਨ੍ਹਾਂ ਦੀ ਕੁਲ ਵਸੋਂ ਇਕ ਕਰੋੜ ਸੱਤਰ ਲਖ ਹੈ, ਤੁਰਕੀ, ਈਰਾਨ, ਪਾਕਿਸਤਾਨ, ਮਿਸਰ, ਈਰਾਕ, ਸ਼ੀਰੀਆ ਤੇ ਅਫ਼ਗ਼ਾਨਿਸਤਾਨ, ਜਿਨ੍ਹਾਂ ਦੀ ਕੁਲ ਵਸੋਂ ਪੰਦਰਾਂ ਕਰੋੜ ਸਠ ਲਖ ਹੈ ਨਾਲੋਂ ਤਿੰਨ ਗੁਣਾ ਬਿਜਲੀ ਪੈਦਾ ਕਰ ਰਹੀਆਂ ਹਨ। ਉਨ੍ਹਾਂ ਦੀ ਸਨਅਤੀ ਤਰੱਕੀ ਦਾ ਸਦਕਾ ਯੂਨੀਅਨ ਰੀਪਬਲਿਕਾਂ ਕੋਲ ਉਨ੍ਹਾਂ ਦੇ ਆਪਣੇ ਇੰਜਨੀਅਰ, ਟੈਕਨੀਸ਼ਨ ਤੇ ਸਿਖੇ ਹੋਏ ਮਜ਼ਦੂਰ ਹਨ। ਸੋਵੀਅਟ ਯੂਨੀਅਨ ਦੇ ਕੌਮੀ ਇਲਾਕਿਆਂ ਦਾ ਪਹਿਲਾ ਆਰਥਕ ਪਛੜਿਆਪਨ ਬੀਤੇ ਦੀ ਕਥਾ ਬਣ ਗਈ ਹੈ।

੫੯. ਸੋਵੀਅਟ ਯੂਨੀਅਨ ਦੇ ਸਨਅਤੀ ਕਾਰਖਾਨਿਆਂ ਦਾ ਪ੍ਰਬੰਧ ਕੌਣ ਕਰਦਾ ਹੈ ?

ਸੋਵੀਅਟ ਕਾਰਖਾਨੇ ਲੋਕਾਂ ਦੀ ਜਾਇਦਾਦ ਹਨ, ਅਤੇ ਹਰ ਇਕ ਕਾਰਖਾਨੇ ਦਾ ਪ੍ਰਬੰਧ ਸੰਬੰਧਤ ਵਜ਼ਾਰਤ ਵਲੋਂ ਮੁਕੱਰਰ ਹੋਇਆ ਡਾਇਰੈਕਟਰ ਕਰਦਾ ਹੈ।

ਕਾਰਖਾਨੇ ਦੇ ਮਾਦੀ ਤੇ ਮਾਲੀ ਸਾਧਨ ਡਾਇਰੈਕਟਰ ਦੀ ਸੌਂਪ ਵਿਚ ਹੁੰਦੇ ਹਨ, ਅਤੇ ਉਹ ਉਸ ਦੀ ਹਿਫਾਜ਼ਤ ਵਿਚ ਦਿਤੀ ਗਈ ਇਸ ਲੋਕ-ਜਾਇਦਾਦ ਲਈ ਅਤੇ ਕਾਰਖਾਨੇ ਦੇ ਕੰਮ ਲਈ ਸਟੇਟ ਸਾਹਮਣੇ ਪੂਰਾ ਜ਼ੁਮੇਵਾਰ ਹੁੰਦਾ ਹੈ। ਡਾਇਰੈਕਟਰ ਪੈਦਾਵਾਰ-ਪਲੈਨਾਂ ਨੂੰ ਪੂਰਾ ਕਰਨ ਲਈ ਅਤੇ ਮਿਹਨਤ ਸਬੰਧੀ ਕਾਨੂੰਨਾਂ ਦੀ ਤਾਮੀਲ ਕਰਵਾਣ ਲਈ ਜਵਾਬਦੇਹ ਹੁੰਦਾ ਹੈ।

ਸੋਵੀਅਟ ਕਾਰਖਾਨਿਆ ਦੇ ਡਾਇਰੈਕਟਰ ਲੋਕਾਂ ਵਿਚੋਂ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਠੇ ਸਾਧਾਰਨ ਇਸਤ੍ਰੀਆਂ ਮਰਦ ਹੁੰਦੇ ਹਨ, ਉਨ੍ਹਾਂ ਨੇ ਜ਼ਿੰਦਗੀ ਦੇ ਸਕੂਲ ਵਿਚੋਂ ਬੜਾ ਕੁਝ ਸਿਖਿਆ ਹੁੰਦਾ ਹੈ। ਉਹਨਾਂ ਦਾ ਤਜਰਬਾ ਬੜਾ ਵਿਸ਼ਾਲ ਤੇ ਗਿਆਨ ਸਰਬ-ਪੱਖੀ ਹੁੰਦਾ ਹੈ।

ਇਹਨਾਂ ਕਾਰਖਾਨਿਆਂ ਵਿਚ ਲੱਗੇ ਮਜ਼ਦੂਰ ਅਤੇ ਉਨ੍ਹਾਂ ਦੀ ਪਾਰਟੀ ਤੇ ਟਰੇਡ ਯੂਨੀਅਨ ਜਥੇਬੰਦੀਆਂ ਕਾਰਖਾਨੇ ਦੇ ਆਰਥਕ ਕੰਮਾਂ ਵਿਚ ਸਰਗਰਮ ਹਿਸਾ ਲੈਂਦੀਆਂ ਹਨ। ਉਹ ਪੈਦਾਵਾਰੀ ਅਮਲ ਵਿਚ ਕਮਜ਼ੋਰੀਆਂ ਤੇ ਘਾਟਾਂ ਨੂੰ ਦੂਰ ਕਰਨ ਅਤੇ ਕਾਰਖਾਨੇ ਦੇ ਕੰਮ ਨੂੰ ਸੁਧਾਰਨ ਵਿਚ ਪ੍ਰਬੰਧਕਾਂ ਦੀ ਮਦਦ ਕਰਦੇ ਹਨ। ਇਸ ਮੰਤਵ ਨੂੰ ਮੁਖ ਰਖ ਕੇ ਸਭ ਕਾਰਖਾਨਿਆਂ ਵਿਚ ਪੈਦਾਵਾਰ-ਕਾਨਫਰੰਸਾਂ ਕੀਤੀਆਂ ਜਾਂਦੀਆਂ ਹਨ।

ਕਾਰਖਾਨੇ ਦੀ ਟਰੇਡ ਯੂਨੀਅਨ ਜਥੇਬੰਦੀ ਵਲੋਂ ਸੱਦੀਆਂ ਪੈਦਾਵਾਰ ਕਾਨਫਰੰਸਾਂ ਕਾਰਖਾਨੇ ਦੇ ਕੰਮ ਨੂੰ ਚੰਗੇਰਾ ਬਨਾਣ ਤੇ ਸੁਧਾਰਨ ਲਈ ਮਜ਼ਦੂਰਾਂ ਦੀਆਂ ਤਜਵੀਜ਼ਾਂ ਤੇ ਵਿਚਾਰ ਕਰਦੀਆਂ ਹਨ ਅਤੇ ਉਹਨਾਂ ਗੱਲਾਂ ਨੂੰ ਢੂੰਡ ਕਢਦੀਆਂ ਹਨ ਜੋ ਪਲੈਨ ਅਨੁਸਾਰ ਮਿਥੀ ਹੋਈ ਪੈਦਾਵਾਰ ਕਰ ਸਕਣ ਦੇ ਰਾਹ ਵਿਚ ਰੋਕ ਬਣਦੀਆਂ ਹਨ ਜਾਂ ਮਾਲ ਦੀ ਕੁਆਲਟੀ ਵਧੀਆ ਬਣਾਣ ਵਿਚ ਰੋੜਾ ਅਟਕਾਂਦੀਆਂ ਹਨ। ਕਾਰਖਾਨਿਆਂ ਦੇ ਡਾਇਰੈਕਟਰਾਂ ਤੇ ਡੀਪਾਰਟਮੈਂਟਾਂ ਦੇ ਸੁਪਰਡੈਂਟਾਂ ਦੀਆਂ ਰੀਪੋਰਟਾਂ ਉਤੇ ਭਰਾਤਰੀ ਪੜਚੋਲ ਤੇ ਸ੍ਵੈ-ਪੜਚੋਲ ਦੇ ਵਾਤਾਵਰਨ ਵਿਚ ਬਹਿਸ ਹੁੰਦੀ ਹੈ।

ਕਾਰਖਾਨੇ ਦੇ ਪ੍ਰਬੰਧਕ ਪੈਦਾਵਾਰ-ਕਾਨਫ੍ਰੰਸਾਂ ਤੇ ਦਿਤੀਆਂ ਤਜਵੀਜ਼ਾਂ ਵਲ ਪੂਰਾ ਧਿਆਨ ਦੇਂਦੇ ਤੇ ਇਨ੍ਹਾਂ ਨੂੰ ਅਮਨ ਵਿਚ ਲਿਆਉਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੫੯. ਸਨਅਤ ਲਈ ਮਜ਼ਦੂਰਾਂ ਦੀ ਸਿਖਲਾਈ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ ?

ਸਨਅਤ ਦੀ ਲਗਾਤਾਰ ਤਰੱਕੀ ਅਤੇ ਬੇਰੁਜ਼ਗਾਰੀ ਦੀ ਅਣਹੋਂਦ ਦੇ ਕਾਰਨ ਸੋਵੀਅਟ ਕੌਮੀ ਆਰਥਕਤਾ ਲਈ ਮਜ਼ਦੂਰਾਂ ਦੀ ਸਿਖਲਾਈ ਵਾਸਤੇ ਇਕ ਬਾ-ਤਜਵੀਜ਼ ਪ੍ਰਬੰਧ ਕਾਇਮ ਕੀਤਾ ਜਾ ਚੁੱਕਾ ਹੈ।

੧੯੪੦ ਵਿਚ 'ਸਟੇਟ ਲੇਬਰ ਰੀਜ਼ਰਵ ਸਕੂਲ' ਕਾਇਮ ਕੀਤੇ ਗਏ ਸਨ। ਇਹ ਸਕੂਲ ਲੋਹੇ ਤੇ ਫ਼ੌਲਾਦ, ਇੰਜਨੀਅਰਿੰਗ, ਖਾਣਾਂ ਪੁਟਣ, ਤੇਲ ਦੇ ਕਾਰਖਾਨਿਆਂ ਰੇਲਵੇ ਤੇ ਜਲ-ਦੁਆਰਾ ਆਵਾਜਾਈ ਤੇ ਢੋ-ਢੁਆਈ ਆਦਿ ਲਈ, ਇਮਾਰਤਾਂ ਦੀ ਸਨਅਤ ਅਤੇ ਕੌਮੀ ਆਰਥਕਤਾ ਦੀਆਂ ਦੂਜੀਆਂ ਸ਼ਾਖਾਂ ਲਈ ਮਜ਼ਦੂਰਾਂ ਨੂੰ ਟ੍ਰੇਨਿੰਗ ਦਿੰਦੇ ਹਨ।

ਜਿਨ੍ਹਾਂ ਕੰਮਾਂ ਦੇ ਮਜ਼ਦੂਰਾਂ ਨੂੰ ਵਧੇਰੇ ਵਿਸ਼ਾਲ ਗਿਆਨ ਤੇ ਮਹਾਰਤ ਦੀ ਲੋੜ ਹੁੰਦੀ ਹੈ ਉਹਨਾਂ ਨੂੰ ਦੋ-ਸਾਲਾ ਪੜ੍ਹਾਈ ਦੇ ਸਕੂਲਾਂ ਵਿਚ ਟਰੇਨਿੰਗ ਦਿਤੀ ਜਾਂਦੀ ਹੈ; ਜਿਹੜੇ ਮਜ਼ਦੂਰ ਸਾਧਾਰਨ ਕੰਮਾਂ ਵਿਚ ਲੱਗੇ ਹੁੰਦੇ ਹਨ ਉਹ ਥੋੜੇ ਚਿਰ ਦੀ ਟ੍ਰੇਨਿੰਗ ਲੈਂਦੇ ਹਨ।

'ਸਟੇਟ ਲੇਬਰ ਰੀਜ਼ਰਵ ਸਕੂਲ' ਆਮ ਪੜ੍ਹਾਈ ਕੀਤੇ ਮੁੰਡੇ ਕੁੜੀਆਂ ਨੂੰ ਦਾਖ਼ਲ ਕਰਦੇ ਹਨ। ਇਨ੍ਹਾਂ ਸਕੂਲਾਂ ਵਿਚ ਟ੍ਰੇਨਿੰਗ ਲੈਣ ਵਾਲਿਆਂ ਦਾ ਕੁਲ ਖਰਚਾ ਸਟੇਟ ਦੇਂਦੀ ਹੈ। ਉਨ੍ਹਾਂ ਨੂੰ ਆਰਾਮ-ਦਿਹ ਰਿਹਾਇਸ਼, ਖ਼ੁਰਾਕ, ਕਪੜੇ ਤ ਪੜ੍ਹਾਈ ਦੀਆਂ ਪੁਸਤਕਾਂ ਮੁਫਤ ਦਿਤੀਆਂ ਜਾਂਦੀਆਂ ਹਨ।

ਇਹ ਸਕੂਲ ਸੋਵੀਅਟ ਮਜ਼ਦੂਰ ਜਮਾਤ ਵਿਚ ਜਵਾਨ, ਸਭਯ ਤੇ ਸਿੱਖੇ ਹੋਏ ਮਜ਼ਦੂਰਾਂ ਦਾ ਵਾਧਾ ਕਰਦੇ ਹਨ। ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਢ ਤੋਂ ਲੈਕੇ ਹੁਣ ਤਕ ਇਹ ਸਕੂਲ ਕੌਮੀ ਆਰਥਕਤਾ ਨੂੰ ਸੱਤਰ ਲਖ ਤੋਂ ਉਪਰ ਜਵਾਨ ਮਜ਼ਦੂਰ ਦੇ ਚੁੱਕੇ ਹਨ।

ਸਨਅਤੀ ਕਾਰਖਾਨੇ ਵੀ ਸਨੀਅਤ ਦੀ ਟਰੇਂਡ ਮਜ਼ਦੂਰਾਂ ਦੀ ਲੋੜ ਨੂੰ ਪੂਰਾ ਕਰਨ ਵਿਚ ਸਹਾਈ ਹੁੰਦੇ ਹਨ। ਫੈਕਟਰੀਆਂ ਤੇ ਮਿੱਲਾਂ ਸਿਖਾਂਦਰੂਆਂ ਲਈ ਪੜ੍ਹਾਈ ਦਾ ਪ੍ਰਬੰਧ ਕਰਦੀਆਂ ਹਨ ਅਤੇ ਇਥੇ ਨੌਜਵਾਨ ਮਜ਼ਦੂਰਾਂ ਨੂੰ ਕੱਲੇ ਕੱਲੇ ਜਾਂ ਗਰੁਪਾਂ ਵਿਚ ਪੜ੍ਹਾਇਆ ਸਿਖਾਇਆ ਜਾਂਦਾ ਹੈ। ਇਹ ਫੈਕਟਰੀਆਂ ਤੇ ਮਿੱਲਾਂ ਕਈ ਪ੍ਰਕਾਰ ਦੀ ਉੱਚੀ ਟ੍ਰੇਨਿੰਗ ਦੇ ਸਕੂਲ ਵੀ ਚਲਾਂਦੀਆਂ ਹਨ।

ਮਜ਼ਦੂਰਾਂ ਦੀ ਟ੍ਰੇਨਿੰਗ ਲਈ ਸੋਵੀਅਟ ਯੂਨੀਅਨ ਵਿਚ ਇਕ ਹੋਰ ਕਿਸਮ ਦੀ ਸੰਸਥਾ ਵੀ ਹੈ। ਇਹ ਹੁਨਰਮੰਦੀ ਵਿਚ ਵਾਧਾ ਕਰਨ ਦੇ ਸਕੂਲ ਹਨ। ਇਥੇ ਉਪਜ ਸਬੰਧੀ ਨਵੀਆਂ ਨਵੀਆਂ ਕਾਢਾਂ ਕਢਣ ਵਾਲੇ ਮਾਹਿਰ ਉਸਤਾਦ ਪੜ੍ਹਾਉਂਦੇ ਹਨ। ਇਨ੍ਹਾਂ ਸਕੂਲਾਂ ਵਿਚ ਟਰੇਨਿੰਗ ਦਾ ਸਮਾਂ ਅਡ ਅਡ ਕੰਮਾਂ ਦੀਆਂ ਵਿਸ਼ੇਸ਼ ਲੋੜਾਂ ਅਨੁਸਾਰ ਵਖ ਵਖ ਹੁੰਦਾ ਹੈ।

੧੯੫੩ ਵਿਚ ੭੫ ਲਖ ਮਜ਼ਦੂਰਾਂ ਨੇ ਆਪਣੇ ਸਨਅਤੀ ਕਾਰਖਾਨਿਆਂ ਦੇ ਇਨ੍ਹਾਂ ਸਕੂਲਾਂ ਵਿਚ ਟਰੇਨਿੰਗ ਲਈ ਸੀ।

੬੦. ਸੋਵੀਅਟ ਯੂਨੀਅਨ ਦੇ ਕਾਰਖਾਨਿਆਂ ਵਿਚ ਕੰਮ ਦੇ ਹਾਲਾਤ ਕਿਹੋ ਜੇਹੇ ਹਨ?

ਸੋਵੀਅਤ ਕਾਰਖਾਨਿਆਂ ਵਿਚ ਛੁੱਟੀਆਂ ਮਜ਼ਦੂਰਾਂ-ਸੰਬੰਧੀ ਕਾਨੂੰਨਾਂ ਅਨੁਸਾਰ ਨਿਯਤ ਕੀਤੀਆ ਜਾਂਦੀਆਂ ਹਨ, ਇਹ ਕਾਨੂੰਨ ਸੋਵੀਅਟ ਯੂਨੀਅਨ ਦੀ ਰਾਜ ਬਣਤਰ ਦੇ ਬੁਨਿਆਦੀ ਅਸੂਲਾਂ ਤੇ ਆਧਾਰਤ ਹਨ। ਇਕ ਦਿਹਾੜੀ ਵਿਚ ਵਧ ਤੋਂ ਵਧ ਅਠ ਘੰਟੇ ਕੰਮ

ਪੁਸਤਕਾਲਯ
ਗੁਰੁਕੁਲ ਕਾਂਗੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਆ ਜਾ ਸਕਦਾ ਹੈ। ਜਿਨ੍ਹਾਂ ਸਨਅਤਾਂ ਵਿਚ ਕੰਮ ਦੇ ਹਾਲਾਤ ਔਖੇ ਹੁੰਦੇ ਹਨ ਉਨ੍ਹਾਂ ਵਿਚ ਕੰਮ ਦੀ ਦਿਹਾੜੀ ਸਤ ਜਾਂ ਛੇ ਘੰਟੇ ਦੀ ਤੇ ਕਈ ਵਾਰ ਚਾਰ ਘੰਟੇ ਦੀ ਵੀ ਹੁੰਦੀ ਹੈ। ਓਵਰ ਟਾਈਮ ਦੀ ਮਨਾਹੀ ਹੈ, ਤੇ ਇਸ ਦੀ ਆਗਿਆ ਕੇਵਲ ਅਸਾਧਾਰਨ ਹਾਲਤਾਂ ਵਿਚ (ਕੁਦਰਤੀ ਦੁਰਘਟਨਾਵਾਂ ਦਾ ਟਾਕਰਾ ਕਰਨ, ਹਾਦਸਿਆਂ ਪਿਛੋਂ ਸਭ ਕੁਝ ਮੁੜ ਠੀਕ-ਅਵਸਥਾ ਵਿਚ ਕਰਨ, ਆਦਿ) ਹੀ ਦਿਤੀ ਜਾਂਦੀ ਹੈ।

ਸਾਰੇ ਉਜਰਤੀ ਤੇ ਤਨਖਾਹਦਾਰ ਮਜ਼ਦੂਰਾਂ ਨੂੰ ਦੋ ਹਫਤੇ ਤੋਂ ਦੋ ਮਹੀਨੇ ਤਕ ਦੀਆਂ ਤਨਖਾਹਾਂ ਸਮੇਤ ਛੁਟੀਆਂ ਮਿਲਦੀਆਂ ਹਨ, ਛੁਟੀਆਂ ਦੀ ਮਿਆਦ ਦਾ ਆਧਾਰ ਕੰਮ ਦੀਆਂ ਹਾਲਤਾਂ ਅਤੇ ਸਨਅਤ ਦੀ ਕਿਸਮ ਤੇ ਹੁੰਦਾ ਹੈ।

ਇਹਨਾਂ ਆਮ ਨਿਯਮਾਂ ਤੋਂ ਇਲਾਵਾ ਜਿਹੜੇ ਸਭ ਮਿਹਨਤ-ਕਸ਼ ਲੋਕਾਂ ਤੇ ਲਾਗੂ ਹੁੰਦੇ ਹਨ, ਖਾਣਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਤੇ ਇਸਤ੍ਰੀ ਮਜ਼ਦੂਰਾਂ ਲਈ ਖਾਸ ਸੋਵੀਅਟ ਕਾਨੂੰਨ ਹਨ। ਸੋਵੀਅਟ ਕਾਨੂੰਨ ਬੱਚਿਆਂ ਤੋਂ ਕੰਮ ਲੈਣ ਦੀ ਮਨਾਹੀ ਕਰਦੇ ਹਨ। ੧੬ ਤੋਂ ੧੮ ਦੀ ਉਮਰ ਦੇ ਖਾਣ-ਪੁਟ ਬਹੁਤੀ ਸਰੀਰਕ ਮਿਹਨਤ ਵਾਲੇ ਕੰਮਾਂ ਤੇ ਨਹੀਂ ਲਾਏ ਜਾਂਦੇ ਤੇ ਨਾ ਹੀ ਉਨ੍ਹਾਂ ਨੂੰ ਰਾਤ ਦੀ ਸ਼ਿਫਟ ਤੇ ਹੀ ਲਾਇਆ ਜਾਂਦਾ ਹੈ। ਜਿਹੜੇ ਕੰਮ ਕਰੜੀ ਸਰੀਰਕ ਮਿਹਨਤ ਮੰਗਦੇ ਹਨ ਜਾਂ ਜਿਨ੍ਹਾਂ ਨੂੰ ਕਰਨ ਨਾਲ ਇਸਤ੍ਰੀ ਦੀ ਸਰੀਰਕ-ਬਣਤਰ ਤੇ ਹਾਨੀਕਾਰਕ ਅਸਰ ਪੈਂਦਾ ਹੈ, ਇਸਤ੍ਰੀਆਂ ਲਈ ਉਨ੍ਹਾਂ ਕੰਮਾਂ ਤੇ ਲੱਗਣ ਦੀ ਮਨਾਹੀ ਹੈ। ਗਰਭਵਤੀਆਂ ਨੂੰ ਹੌਲੇ ਕੰਮਾਂ ਤੇ ਬਦਲ ਦਿਤਾ ਜਾਂਦਾ ਹੈ ਜਿਥੇ ਉਨ੍ਹਾਂ ਨੂੰ ਉਨ੍ਹਾਂ ਦੀ ਬਾਕਾਇਦਾ ਔਸਤ ਤਨਖਾਹ ਮਿਲਦੀ ਹੈ, ਅਤੇ ਉਹਨਾਂ ਦੀ ਬਾਕਾਇਦਾ ਤਨਖਾਹ-ਸਮੇਤ ਛੁਟੀ ਤੋਂ ਇਲਾਵਾ ਉਨ੍ਹਾਂ ਨੂੰ ੭੭ ਤੋਂ ੯੧ ਦਿਨਾਂ ਦੀ ਜਣੇਪਾ-ਛੁਟੀ ਤਨਖਾਹ ਸਣੇ ਮਿਲਦੀ ਹੈ। ਉਨ੍ਹਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਾਕਾਇਦਾ ਰੋਟੀ-ਵੇਲੇ ਤੇ ਬਿਨਾ ਦੁਧ-ਪਿਆਉਂਦੀਆਂ ਮਾਵਾਂ ਨੂੰ ਹਰ ਸਾਢੇ ਤਿੰਨ ਘੰਟੇ ਪਿਛੋਂ ਬਾਲ ਨੂੰ ਦੁਧ ਪਿਆਣ ਲਈ ਅਧੇ ਘੰਟੇ ਦੀ ਛੁਟੀ ਦਿਤੀ ਜਾਂਦੀ ਹੈ। ਇਨ੍ਹਾਂ ਛੁਟੀਆਂ ਦੀ ਤਨਖਾਹ ਉਸ ਕਾਰਖਾਨੇ ਜਾਂ ਅਦਾਰੇ ਵਲੋਂ ਮਿਲਦੀ ਹੈ ਜਿਥੇ ਉਹ ਕੰਮ ਕਰਦੀਆਂ ਹਨ।

ਸੋਵੀਅਟ ਸਟੇਟ ਨੇ ਲੱਕ-ਤੋੜੂ ਤੇ ਬਹੁਤੀ ਮਿਹਨਤ-ਮੰਗਦੇ ਕੰਮ ਮਸ਼ੀਨਾਂ ਦੁਆਰਾ ਕਰਨ ਦਾ ਮੰਤਵ ਬਹੁਤ ਵਡੇ ਪੈਮਾਨੇ ਤੇ ਸਿਰੇ ਚੜ੍ਹਾ ਲਿਆ ਹੈ, ਜਿਸ ਦਾ ਸਦਕਾ ਸਨਅਤ ਵਿਚ ਕੰਮ ਦੇ ਹਾਲਾਤ ਬੜੇ ਚੰਗੇਰੇ, ਸੌਖੇਰੇ ਤੇ ਅਰੋਗ ਹੋ ਗਏ ਹਨ।

ਅਜ, ਕੋਲੇ, ਲੋਹੇ ਤੇ ਫ਼ੌਲਾਦ, ਤੇਲ, ਢੋਆ ਢੁਆਈ, ਇਸ ਰਤ-ਉਸਾਰੀ ਤੇ ਦੂਜੀਆਂ ਸਨਅਤਾਂ ਵਿਚ ਸਾਰੇ ਮੁਖ-ਕੰਮ ਪੂਰੀ ਤਰ੍ਹਾਂ ਮਸ਼ੀਨਾਂ ਦੁਆਰਾ ਕੀਤੇ ਜਾਂਦੇ ਹਨ, ਜਿਸ ਨਾਲ ਮਜ਼ਦੂਰਾਂ ਦੀ ਲੱਕ-ਤੋੜੂ ਮਿਹਨਤ ਦਾ ਖਾਤਮਾ ਹੋ ਗਿਆ ਹੈ। ਸੋਵੀਅਤ ਯੂਨੀਅਨ ਵਿਚ ਆਟੋਮੈਟਿਕ (ਸ੍ਵੈ-ਚਾਲਕ) ਪਲਾਂਟ ਵੀ ਹਨ ਜਿਥੇ ਹਰ ਇਕ ਕੰਮ ਮਸ਼ੀਨਾਂ ਹੀ ਕਰਦੀਆਂ ਹਨ, ਆਦਮੀ ਕੇਵਲ ਹੁੰਦੇ ਕੰਮ ਦੀ ਵੇਖ ਭਾਲ ਕਰਦੇ ਹਨ। ਉਦਯੋਗ ਤੇ ਇਮਾਰਤੀ ਸਨਅਤਾਂ ਵਿਚ ਵੀ ਲੱਕ-ਤੋੜੂ ਤੇ ਬਹੁਤੀ ਮਿਹਨਤ-ਮੰਗਦੇ ਕੰਮਾਂ ਨੂੰ ਮਸ਼ੀਨਾਂ ਦੁਆਰਾ ਕਰਨ ਦਾ ਕੰਮ ਚਾਲੂ ਪੰਜ-ਸਾਲਾ ਪਲੈਨ ਵਿਚ ਹੀ ਲਗ ਭਗ ਸੰਪੂਰਨ ਕਰ ਦਿਤਾ ਜਾਵੇਗਾ ਅਤੇ ਹੋਰ ਵਧੇਰੇ ਸ੍ਵੈ-ਚਾਲਕ ਕਾਰਖਾਨੇ ਲਾਏ ਜਾਣਗੇ।

ਸੋਵੀਅਟ ਯੂਨੀਅਨ ਵਿਚ ਮਜ਼ਦੂਰਾਂ ਦੀ ਹਿਫਾਜ਼ਤ, ਸੁਰਖਿਆ, ਟੈਕਨੀਕ ਤੇ ਸਨਅਤੀ ਅਰੋਗਤਾ ਦਾ ਬੜਾ ਵਧੀਆ ਪ੍ਰਬੰਧ ਹੈ। ਇਸ ਸਬੰਧ ਵਿਚ ਕੀਤੇ ਗਏ ਅਨੇਕ ਉਪਾਅਂ ਵਿਚੋਂ ਇਕ ਇਹ ਹੈ ਕਿ ਕੰਮ ਕਰਨ ਦੇ ਕਪੜੇ ਤੇ ਬੂਟ ਮੁਫਤ ਦਿਤੇ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਖਤ ਪਾਬੰਦੀਆਂ (ਕੈਮੀਕਲ ਕਾਰਖਾਨੇ, ਅ-ਲੋਹ ਧਾਤਾਂ ਦੇ ਕਾਰਖਾਨੇ, ਛਾਪੇਖ਼ਾਨੇ ਆਦਿ) ਵਿਚ ਲੱਗੇ ਮਜ਼ਦੂਰਾਂ ਨੂੰ ਕੰਮ-ਸਥਾਨ ਉਤੇ ਖਾਸ ਖੁਰਾਕ (ਦੁਧ, ਮਖਨ, ਕਰੀਮ ਆਦਿ) ਦਿਤੀ ਜਾਂਦੀ ਹੈ, ਜਿਸ ਦਾ ਮੁਲ ਸਟੇਟ ਦੇਂਦੀ ਹੈ।

ਸੋਵੀਅਟ ਸਟੇਟ ਮਜ਼ਦੂਰਾਂ ਦੀ ਹਿਫਾਜ਼ਤ ਤੇ ਸੁਰਖਿਆ-ਟੈਕਨੀਕ ਉਤੇ ਬੇਅੰਤ ਰਕਮਾਂ ਖਰਚ ਕਰਦੀ ਹੈ। ਚੌਥੀ ਪੰਜ-ਸਾਲਾ ਪਲੈਨ ਦੇ ਦੌਰਾਨ ਵਿਚ, ੧੯੪੬ ਤੋਂ ੧੯੫੦ ਤਕ, ਲਗ ਪਗ ਛੇ ਸੌ ਕਰੋੜ ਰੂਬਲ ਖਰਚ ਕੀਤੇ ਗਏ। ਇਹ ਰਕਮ ਪਹਿਲੀਆਂ ਦੋ ਪੰਜ-ਸਾਲਾ ਪਲੈਨਾਂ ਦੇ ਸਮੇਂ (੧੯੨੮–੧੯੩੭) ਵਿਚ ਖਰਚ ਕੀਤੀ ਰਕਮ ਤੋਂ ਪੰਜ ਗੁਣਾ ਤੋਂ ਵੀ ਵਧ ਸੀ। ਪੰਜਵੀਂ ਪੰਜ-ਸ਼ਾਲਾ ਪਲੈਨ ਵਿਚ ਲਕ-ਤੋੜੂ ਕੰਮਾਂ ਨੂੰ ਮਸ਼ੀਨਾਂ ਦੁਆਰਾ ਕਰਨ ਅਤੇ ਕੰਮ ਕਰਨ ਦੇ ਹਾਲਾਤ ਨੂੰ ਵਧੇਰੇ ਚੰਗੇਰਾ ਬਨਾਣ ਲਈ ਬੜੀਆਂ ਵਡੀਆਂ ਵਡੀਆਂ ਰਕਮਾਂ ਰਖੀਆਂ ਗਈਆਂ ਹਨ।

ਮਜ਼ਦੂਰਾਂ ਦੀ ਹਿਫਾਜ਼ਤ, ਸੁਰਖਿਆ-ਟੈਕਨੀਕ ਤੇ ਸਨਅਤੀ ਅਰੋਗਤਾ ਨਾਲ ਸਬੰਧਤ ਨਿਯਮਾਂ ਨੂੰ ਤਾਮੀਲ ਕਰਵਾਣ ਦਾ ਸਰਕਾਰੀ ਕੰਟਰੋਲ ਟਰੇਡ ਯੂਨੀਅਨਾਂ ਨੂੰ ਸੌਂਪ ਦਿਤਾ ਗਿਆ ਹੈ, ਤੀਹ ਲਖ ਮਜ਼ਦੂਰ 'ਟਰੇਡ ਯੂਨੀਅਨ ਮਜ਼ਦੂਰ ਸੁਰਖਿਆ ਕਮਿਸ਼ਨਾਂ' ਅਤੇ ਇਨਸ਼ੋਰੰਸ ਕੌਂਸਲਾਂ' ਦੇ ਮੈਂਬਰ ਹਨ। ਇਹ ਇਸ ਗਲ ਦਾ ਪੂਰਾ ਪੂਰਾ ਧਿਆਨ ਰਖਦੇ ਹਨ ਕਿ ਇਨ੍ਹਾਂ ਮੰਤਵਾਂ ਲਈ ਮਨਜ਼ੂਰ-ਹੋਈ ਹੋਈ ਰਕਮ ਯੋਗ ਢੰਗ ਨਾਲ ਖਰਚੀ ਜਾਂਦੀ ਹੈ ਅਤੇ ਉਹ ਵੇਖਦੇ ਹਨ ਕਿ ਸਾਂਝੇ ਸਮਝੌਤਿਆਂ ਵਿਚ ਮਿਥੇ ਗਏ ਮਜ਼ਦੂਰ ਹਿਫਾਜ਼ਤ ਤੇ ਸੁਰਖਿਆ ਟੈਕਨੀਕ ਦੇ ਕਦਮਾਂ ਨੂੰ ਪੂਰੀ ਤਰ੍ਹਾਂ ਅਮਲੀ ਰੂਪ ਵਿਚ ਲਾਗੂ ਕੀਤਾ ਜਾਂਦਾ ਹੈ (ਵੇਖੋ ਉਤਰ ਨੰ: ੬੧)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੬੧. ਸਾਂਝੇ ਸਮਝੌਤੇ ਕਿਵੇਂ ਤੈ ਹੁੰਦੇ ਹਨ?

ਸਾਂਝੇ ਸਮਝੌਤੇ ਉਹ ਸਮਝੌਤੇ ਹਨ ਜਿਹੜੇ ਹਰ ਸਾਲ ਸੋਵੀਅਟ ਕਾਰਖਾਨਿਆਂ ਦੀਆਂ ਟਰੇਡ ਯੂਨੀਅਨ ਕਮੇਟੀਆਂ ਅਤੇ ਪ੍ਰਬੰਧਕਾਂ ਵਿਚਕਾਰ ਗਲ ਬਾਤ ਰਾਹੀਂ ਤੈ ਹੁੰਦੇ ਹਨ। ਟਰੇਡ ਯੂਨੀਅਨ ਕਮੇਟੀਆਂ ਮਜ਼ਦੂਰਾਂ, ਇੰਜਨੀਅਰਾਂ, ਟੈਕਨੀਸ਼ਨਾਂ ਤੇ ਦਫਤਰਾਂ ਦੇ ਮੁਲਾਜ਼ਮਾਂ ਵਲੋਂ ਗਲ ਬਾਤ ਕਰਦੀਆਂ ਹਨ।

ਸਟੇਟ ਪਲੈਨਾਂ ਨੂੰ ਪੂਰਾ ਤੇ ਅਧਿਕ ਪੂਰਾ ਕਰਨਾ, ਕੰਮ ਦੇ ਤੇ ਜੀਵਨ ਦੇ ਉਹ ਹਾਲਾਤ ਪਦਾ ਕਰਨਾ ਜਿਹੜੇ ਉਪਜ ਨੂੰ ਹੋਰ ਵਧੇਰੇ ਵਧਾਣ ਲਈ ਸਹਾਈ ਹੋਣ ਅਤੇ ਫੈਕਟਰੀ ਮਜ਼ਦੂਰਾਂ ਤੇ ਦਫਤਰ ਦੇ ਮੁਲਾਜ਼ਮਾਂ ਲਈ ਉਚੇਰੇ ਮਾਦੀ ਤੇ ਸਭਿਆਚਾਰਕ ਮਿਆਰ ਯਕੀਨੀ ਬਨਾਉਣਾਂ—ਇਨ੍ਹਾਂ ਸ਼ਭਨਾਂ ਗੱਲਾਂ ਬਾਰੇ ਸਾਂਝੇ ਸਮਝੌਤੇ ਹਰ ਧਿਰ ਦੀਆਂ ਜ਼ਿਮੇਵਾਰੀਆਂ ਮਿਥਦੇ ਹਨ। ਇਹ ਸਮਝੌਤੇ ਪੂਰੀ ਤਰ੍ਹਾਂ ਖੋਲ੍ਹ ਕੇ ਦਸਦੇ ਹਨ ਕਿ ਪ੍ਰਬੰਧਕਾਂ ਨੇ ਤੇ ਟਰੇਡ ਯੂਨੀਅਨ ਕਮੇਟੀਆਂ ਨੇ ਉਪਜ ਸਬੰਧੀ ਟੈਕਨਾਲੋਜੀ ਨੂੰ ਸੁਧਾਰਨ ਤੇ ਸੰਪੂਰਨ ਬਨਾਉਣ, ਨਵੀਂ ਮਸ਼ੀਨਰੀ ਲਾਉਣ, ਮਜ਼ਦੂਰਾਂ ਦੀ ਹੁਨਰੀ ਤਰੱਕੀ, ਮਜ਼ਦੂਰਾਂ ਦੀ ਹਿਫ਼ਾਜ਼ਤ ਤੇ ਸੁਰਖਿਆ, ਟੈਕਨੀਕ ਨੂੰ ਸੰਪੂਰਨ ਬਨਾਉਣ, ਮਜ਼ਦੂਰਾਂ ਤੇ ਦਫਤਰੀ ਮੁਲਾਜ਼ਮਾਂ ਲਈ ਮਕਾਨ ਉਸਾਰਨ, ਨਰੋਏ ਦਿਲ-ਪਰਚਾਵੇ ਦਾ ਪ੍ਰਬੰਧ ਕਰਨ, ਬਾਲ-ਸੰਸਥਾਵਾਂ ਤੇ ਸੇਵਾ ਦੀਆਂ ਸੰਸਥਾਵਾਂ ਨੂੰ ਚੰਗੇਰਾ ਬਨਾਉਣ ਆਦਿ ਸਬੰਧੀ ਕੀ ਕੀ ਕੰਮ ਕਰਨਾ ਹੈ ਤੇ ਕਦੋਂ ਕਰਨਾ ਹੈ।

ਮਜ਼ਦੂਰ ਸਾਂਝੇ ਸਮਝੌਤਿਆਂ ਦਾ ਖਰੜਾ ਤਿਆਰ ਕਰਨ ਵਿਚ ਸਰਗਰਮ ਹਿਸਾ ਪ ਉਂਦੇ ਹਨ: ਉਹ ਆਪਣੀਆਂ ਮੀਟਿੰਗਾਂ ਵਿਚ ਤਜਵੀਜ਼ਾਂ ਪੇਸ਼ ਕਰਦੇ ਹਨ ਅਤੇ ਇਕ ਇਕ ਮਦ ਉਤੇ ਤੇ ਸਮੁਚੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਪ ਵਿਚ ਡਰਾਫਟ (ਖਰੜੇ) ਉਤੇ ਵਿਚਾਰ ਕਰਦੇ ਹਨ। ਇਸ ਦੀ ਇਕ ਮਿਸਾਲ ਇਹ ਹੈ: ੧੯੫੨ ਦੇ ਸਸਝੌਤਿਆਂ ਸਬੰਧੀ ਡਰਾਫਟਾਂ ਉਤੇ ਢਾਈ ਲਖ ਤੋਂ ਵਧ ਸ਼ਾਪਾਂ, ਸ਼ਿਫਟਾਂ ਅਤੇ ਜਨਰਲ ਮੀਟਿੰਗਾਂ ਜਾਂ ਕਾਨਫਰੰਸਾਂ ਵਿਚ ਬਹਿਸ ਕੀਤੀ ਗਈ। ਇਹਨਾਂ ਬਹਿਸਾਂ ਵਿਚ ਮਜ਼ਦੂਰਾਂ ਨੇ ਸੋਸ਼ਲਿਸਟ ਪੈਦਾਵਾਰ ਦੀ ਹੋਰ ਤਰੱਕੀ ਤੇ ਸਭਿਆਚਾਰਕ ਤੇ ਦੂਜੀਆਂ ਸਹੂਲਤਾਂ ਨੂੰ ਚੰਗਰਾ ਬਨਾਉਣ ਲਈ ਲਗ ਪਗ ਦਸ ਲਖ ਤਜਵੀਜ਼ਾਂ ਪੇਸ਼ ਕੀਤੀਆਂ।

ਸਾਂਝੇ ਸਮਝੌਤੇ ਤੇ ਦਸਖ਼ਤ ਹੋਣ ਪਿਛੋਂ ਇਹਨੂੰ ਇਕ ਪੈਂਫਲਿਟ ਜਾਂ ਪੋਸਟਰ ਦੀ ਸ਼ਕਲ ਵਿਚ ਛਾਪ ਕੇ ਸੰਬੰਧਤ ਕਾਰਖਾਨੇ ਦੇ ਮਜ਼ਦੂਰਾਂ ਵਿਚ ਭਾਰੀ ਗਿਣਤੀ ਵਿਚ ਵੰਡ ਦਿਤਾ ਜਾਂਦਾ ਹੈ। ਹਰ ਤਿੰਨੀਂ ਮਹੀਨੀਂ ਕਰਾਖਾਨੇ ਦਾ ਡਾਇਰੈਕਟਰ ਜਾਂ ਟ੍ਰੇਡ ਯੂਨੀਅਨ ਕਮੇਟੀ ਦਾ ਚੇਅਰਮੈਨ ਜਨਰਲ ਮੀਟਿੰਗ ਵਿਚ ਫੈਕਟਰੀ ਤੇ ਦਫਤਰ ਦੇ ਮਜ਼ਦੂਰਾਂ ਸਾਹਮਣੇ ਰੀਪੋਟ ਪੇਸ਼ ਕਰਦਾ ਹੈ ਕਿ ਸਮਝੌਤੇ ਤੇ ਕਿਵੇਂ ਅਮਲ ਹੋ ਰਿਹਾ ਹੈ। ਵਰ੍ਹੇ ਦੇ ਅੰਤ ਤੇ ਟ੍ਰੇਡ ਯੂਨੀਅਨ ਕਮੇਟੀਆਂ ਮਜ਼ਦੂਰਾਂ ਦੀ ਇਕ ਵਡੀ ਗਿਣਤੀ ਨੂੰ ਮੁਕਰਰ ਕਰਦੀਆਂ ਹਨ ਤਾਂ ਜੋ ਉਹ ਪੜਤਾਲ ਕਰਨ ਕਿ ਸਮਝੌਤੇ ਵਿਚ ਤੈ ਹੋਈਆਂ ਗੱਲਾਂ ਕਿਥੋਂ ਤਕ ਅਮਲ ਹੋਇਆ ਹੈ, ਅਤੇ ਨਾਲ ਹੀ ਆਉਣ ਵਾਲੇ ਸਾਲ ਲਈ ਸਮਝੌਤੇ ਦੇ ਮਸੌਦੇ ਲਈ ਤਜਵੀਜ਼ਾਂ ਇਕਠੀਆਂ ਕਰਨ।

੬੨. ਸੋਵੀਅਟ ਕਾਰਖਾਨਿਆਂ ਵਿਚ ਮੁਆਵਜ਼ਾ ਦੇਣ ਦੇ ਕਿਹੜੇ ਕਿਹੜੇ ਢੰਗ ਵਰਤੇ ਜਾਂਦੇ ਹਨ ?

ਸੋਵੀਅਟ ਯੂਨੀਅਨ ਵਿਚ ਕੰਮ ਦਾ ਮੁਆਵਜ਼ਾ ਦੇਣ ਦੇ ਹੇਠ ਲਿਖੇ ਢੰਗ ਵਰਤੀਂਦੇ ਹਨ: ਪੀਸ ਰੇਟ (ਕੰਮ ਦੀ ਮਿਕਦਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਨੁਸਾਰ), ਪ੍ਰੋਗ੍ਰੈਸਿਵ ਪੀਸ ਰੇਟ (ਕੰਮ ਦੀ ਮਿਕਦਾਰ ਅਨੁਸਾਰ ਵਧਦਾ ਹੋਇਆ ਰੇਟ), ਕੰਮ–ਸਮਾਂ ਅਤੇ ਕੰਮ–ਸਮਾਂ ਤੇ ਬੋਨਸ।

ਸੋਵੀਅਟ ਸਨਅਤ ਵਿਚ ਪੀਸ-ਰੇਟ ਦਾ ਢੰਗ ਸਭ ਤੋਂ ਬਹੁਤਾ ਵਰਤਿਆ ਜਾਂਦਾ ਹੈ। ਇਹ ਢੰਗ ਏਸ ਸੋਵੀਅਟ ਅਸੂਲ ਦੇ ਸਭ ਤੋਂ ਵਧ ਅਨੁਕੂਲ ਹੈ ਕਿ ਹਰ ਆਦਮੀ ਨੂੰ ਉਹਦੇ ਕੰਮ ਦੀ ਮਿਕਦਾਰ ਤੇ ਪ੍ਰਕਾਰ (ਕੁਆਲਟੀ) ਅਨੁਸਾਰ ਮੁਆਵਜ਼ਾ ਮਿਲੇ। ਮਜ਼ਦੂਰਾਂ ਨੂੰ ਭਾਰੀ ਬਹੁ ਗਿਣਤੀ ਨੂੰ ਇਸੇ ਢੰਗ ਅਨੁਸਾਰ ਮੁਆਵਜ਼ਾ ਮਿਲਦਾ ਹੈ।

ਪੈਦਾਵਾਰੀ ਅਮਲ ਵਿਚ ਖਰਚ ਹੋਣ ਵਾਲੀ ਮਿਹਨਤ ਦੇ ਸਥਾਪਤ ਟੈਕਨੀਕਲ ਮਿਆਰਾਂ (ਪੈਦਾਵਾਰ ਦੀ ਹਰ ਇਕਾਈ ਤੇ ਖਰਚ ਹੋਣ ਵਾਲੇ ਸਮੇਂ) ਦੇ ਆਧਾਰ ਤੇ ਪੀਸ ਰੇਟ ਨਿਯਤ ਕੀਤੇ ਜਾਂਦੇ ਹਨ। ਇਹ ਮਿਆਰ ਬਿਲਕੁਲ ਸਾਇੰਟਿਫਿਕ ਆਧਾਰ ਤੇ ਕਾਇਮ ਕੀਤੇ ਜਾਂਦੇ ਹਨ ਅਤੇ ਇਹ ਆਮ ਤੌਰ ਤੇ ਇਕ ਸਾਲ ਲਈ ਮੁਕਰਰ ਕੀਤੇ ਜਾਂਦੇ ਹਨ। ਇਸ ਦੌਰਾਨ ਵਿਚ ਇਹਨਾਂ ਨੂੰ ਬਦਲਿਆ ਨਹੀਂ ਜਾਂਦਾ। ਨਵੀਆਂ ਮਸ਼ੀਨਾਂ ਲੱਗਣ, ਮਸ਼ੀਨਾਂ ਦਾ ਕਾਰਜ ਢੰਗ ਚੰਗੇਰਾ ਹੋ ਜਾਣ ਜਾਂ ਬਹੁਤੇ ਮਜ਼ਦੂਰਾਂ ਦੇ ਕੰਮ ਦੇ ਉੱਨਤ ਢੰਗਾਂ ਵਿਚ ਨਿਪੁੰਨ ਹੋ ਜਾਣ ਦੀ ਹਾਲਤ ਵਿਚ ਹੀ ਇਨ੍ਹਾਂ ਨੂੰ ਬਦਲਿਆ ਜਾਂਦਾ ਹੈ। ਸੋਵੀਅਟ ਮਜ਼ਦੂਰ ਦੇ ਬਹੁਤੀ ਪੈਦਾਵਾਰ ਕਰਨ ਦਾ ਕਾਰਨ ਇਹ ਨਹੀਂ ਕਿ ਉਹ ਬਹੁਤੀ ਸਰੀਰਕ ਮਿਹਨਤ ਕਰਦਾ ਹੈ, ਸਗੋਂ ਉਚੀ ਹੁਨਰੀ ਮਹਾਰਤ, ਕੰਮ ਦੀ ਚੰਗੇਰੀ ਤਨਜ਼ੀਮ ਤੇ ਮਸ਼ੀਨਾਂ ਦੀ ਵਧ ਤੋਂ ਵਧ ਵਰਤੋਂ, ਜਿਸ ਨਾਲ ਉਹਦਾ ਕੰਮ ਭਾਰ ਘਟਦਾ ਹੈ, ਇਸ ਦੇ ਕਾਰਨ ਹਨ। ਇਹੋ ਕਾਰਨ ਹੈ ਕਿ ਟੈਕਨੀਕਲ ਮਿਆਰਾਂ ਵਿਚ ਤਬਦੀਲੀ ਹੋਣ ਨਾਲ ਮਜ਼ਦੂਰਾਂ ਦੀ ਮਜ਼ਦੂਰੀ ਘਟਦੀ ਨਹੀਂ, ਤੇ ਨਾ ਹੀ ਘਟ ਸਕਦੀ ਹੈ ਸਗੋਂ ਇਸ ਦੇ ਉਲਟ ਉਨ੍ਹਾਂ ਦੀ ਤਨਖਾਹ ਵਿਚ ਹੋਰ ਵੀ ਵਾਧਾ ਹੁੰਦਾ ਹੈ। ਸਨਅਤ ਦੀ ਹਰ ਸ਼ਾਖ਼ ਲਈ ਕੰਮ ਦੇ ਰੇਟ ਤੇ ਉਜਰਤ ਦਾ ਸਕੇਲ ਮੁਕਰਰ ਕਰ ਦਿਤਾ ਜਾਂਦਾ ਹੈ, ਤੇ ਅਜੇਹਾ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੇਲੇ ਟ੍ਰੇਡ ਯੂਨੀਅਨਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ ਤੇ ਸਰਕਾਰੋਂ ਪਰਵਾਨਗੀ ਲਈ ਜਾਂਦੀ ਹੈ। ਵਖੋ ਵਖ ਪ੍ਰਕਾਰ ਦੇ ਕੰਮਾਂ ਲਈ ਰੇਟ ਤੇ ਉਜਰਤ ਦਾ ਸਕੇਲ ਵਖ ਵਖ ਹੁੰਦਾ ਹੈ ਜਿਸ ਦਾ ਫੈਸਲਾ ਇਸ ਆਧਾਰ ਤੇ ਕੀਤਾ ਜਾਂਦਾ ਹੈ ਕਿ ਕਿਸੇ ਖਾਸ ਕੰਮ ਨੂੰ ਕਰਨ ਵਿਚ ਕਿੰਨੀ ਮਹਾਰਤ ਤੇ ਯਤਨ ਦੀ ਲੋੜ ਹੈ, ਕੰਮ ਕਿੰਨਾ ਗੁੰਝਲਦਾਰ ਹੈ ਤੇ ਕਿਸ ਢੰਗ ਦਾ ਹੈ।

ਮਹਾਰਤ ਵਾਲੇ (ਸਕਿਲਡ) ਤੇ ਔਖੇ ਕੰਮ ਲਈ, ਸਾਧਾਰਨ (ਅਨ-ਸਕਿਲਡ) ਤੇ ਸੌਖੇ ਕੰਮ ਦੇ ਟਾਕਰੇ ਤੇ ਰੇਟ ਬਹੁਤਾ ਹੁੰਦਾ ਹੈ।

ਪੈਦਾਵਾਰ ਦੀ ਹਰ ਇਕਾਈ ਲਈ ਪੀਸ ਰੇਟ ਇਨ੍ਹਾਂ ਹੀ ਸਕੇਲਾਂ ਤੇ ਮਿਆਰਾਂ ਦੇ ਆਧਾਰ ਤੇ ਨੀਯਤ ਕੀਤਾ ਜਾਂਦਾ ਹੈ, ਮਜ਼ਦੂਰ ਦੀ ਤਿਆਰ ਕੀਤੀ ਤੇ ਮੁਆਇਨੇ ਵਿਚ ਪਾਸ ਹੋਈ ਹਰ ਚੀਜ਼ ਲਈ ਮੁਆਵਜ਼ਾ ਉਹਨੂੰ ਮਿਲਦਾ ਹੈ। ਪੀਸ ਰੇਟ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਆਮਦਨੀ ਦੀ ਹਦ ਕੋਈ ਨਹੀਂ ਹੈ।

ਸੋਵੀਅਟ ਸਨਅਤ ਵਿਚ ਕਈ ਵਾਰ ਪ੍ਰੋਗ੍ਰੈਸਿਵ ਪੀਸ ਰੇਟ ਦਾ ਢੰਗ ਵੀ ਵਰਤਿਆ ਜਾਂਦਾ ਹੈ, ਜਿਹੜਾ ਪੀਸ ਰੇਟ ਤੇ ਬੋਨਸ ਦਾ ਮਿਲਵਾਂ ਢੰਗ ਹੈ, ਇਸ ਢੰਗ ਅਨੁਸਾਰ ਜੇ ਕੋਈ ਮਜ਼ਦੂਰ ਨਿਯਤ ਮਿਆਰ ਤੋਂ ਵਧ ਪੈਦਾ ਕਰਦਾ ਹੈ ਤਾਂ ਉਹਨੂੰ ਇਸ ਵਧ ਪੈਦਾਵਾਰ ਲਈ ਲਗਾਤਾਰ ਵਧਦੇ ਰੇਟ ਦੇ ਹਿਸਾਬ ਮੁਆਵਜ਼ਾ ਦਿਤਾ ਜਾਂਦਾ ਹੈ। ਲਗਾਤਾਰ ਵਧਦੇ ਹੋਏ ਰੇਟ ਦਾ ਢੰਗ ਖਾਸ ਤੌਰ ਤੇ ਸਨਅਤ ਦੇ ਬਹੁਤੇ ਮਹਤ੍ਵ-ਪੂਰਨ ਹਲਕਿਆਂ (ਸੈਕਟਰਾਂ) ਵਿਚ ਵਰਤਿਆ ਜਾਂਦਾ ਹੈ, ਅਤੇ ਉਨ੍ਹਾਂ ਵਿਚ ਜਿਥੇ ਪਹਿਲ-ਕਦਮੀ ਤੇ ਕਾਢ-ਕਾਰੀ ਨੂੰ ਉਭਾਰਨ ਦੀ ਲੋੜ ਹੁੰਦੀ ਹੈ।

ਪੀਸ ਰੇਟ ਦਾ ਢੰਗ ਮਜ਼ਦੂਰਾਂ ਦੇ ਲਾਭਾਂ ਦੇ ਅਨੁਕੂਲ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਉਹ ਪੂਰੇ ਦਿਲੋਂ ਇਹਦੇ ਹਕ ਵਿਚ ਹਨ। ਇਹਦਾ ਸਦਕਾ ਮਜ਼ਦੂਰ ਨੂੰ ਆਪਣੀ ਮਿਹਨਤ ਨਾਲ ਤਿਆਰ ਕੀਤੀ ਚੀਜ਼ ਵਿਚ ਇਕ ਮਾਦੀ ਦਿਲਚਸਪੀ ਪੈਦਾ ਹੁੰਦੀ ਹੈ, ਆਪਣੀ ਮਹਾਰਤ ਨੂੰ ਵਧਾਣ ਲਈ ਉਹਨੂੰ ਪ੍ਰੇਰਨਾ ਮਿਲਦੀ ਹੈ ਅਤੇ ਮਿਹਨਤ ਦੀ ਉਪਜਾਊ-ਸ਼ਕਤੀ ਵਧਾਣ ਲਈ ਇਹ ਢੰਗ ਇਕ ਉਤੇਜਨਾ ਦਾ ਕੰਮ ਦੇਂਦਾ ਹੈ।

ਕੰਮ-ਸਮੇਂ (ਟਾਈਮ ਵਰਕ) ਦੇ ਢੰਗ ਅਨੁਸਾਰ ਮਜ਼ਦੂਰਾਂ ਨੂੰ ਮੁਆਵਜ਼ਾ ਹਰ ਸਨਅਤ ਤੇ ਹਰ ਕੰਮ ਲਈ ਨਿਯਤ ਹੋਈ ਹੋਈ ਉਜਰਤ ਤੇ ਤਨਖਾਹ ਦੀ ਸਕੇਲ ਅਨੁਸਾਰ ਮਿਲਦਾ ਹੈ। ਕੰਮ-ਸਮੇਂ ਦਾ ਢੰਗ ਸਿਰਫ ਉਥੇ ਹੀ ਵਰਤੀਦਾ ਹੈ ਜਿਥੇ ਪੀਸ ਰੇਟ ਅਨੁਸਾਰ ਕੰਮ ਕਰਵਾਣਾ ਅਸੰਭਵ ਜਾਂ ਔਖਾ ਹੁੰਦਾ ਹੈ। ਕਈ ਹਾਲਤਾਂ ਵਿਚ ਟਾਈਮ-ਵਰਕ (ਕੰਮ-ਸਮਾਂ) ਦੇ ਢੰਗ ਦੇ ਨਾਲ ਨਾਲ ਬੋਨਸ ਦਾ ਢੰਗ ਵੀ ਵਰਤਿਆ ਜਾਂਦਾ ਹੈ ਤਾਂ ਜੁ ਪੈਦਾਵਾਰੀ ਪਲੈਨ ਨੂੰ ਅਧਿਕ-ਪੂਰਾ ਕਰਨ, ਪੈਦਾਵਾਰ ਦੀ ਕੁਆਲਟੀ ਚੰਗੇਰੀ ਬਨਾਣ, ਅਤੇ ਕੱਚੇ ਮਾਲ ਦੀ ਵਰਤੋਂ ਵਿਚ ਸੰਜਮ ਤੇ ਕਫਾਇਤ ਲਈ ਮਜ਼ਦੂਰਾਂ ਨੂੰ ਉਤਸਾਹਤ ਕੀਤਾ ਜਾਵੇ।

ਮੁਆਵਜ਼ਾ ਦੇਣ ਦਾ ਢੰਗ ਸਭ ਮਜ਼ਦੂਰਾਂ ਤੇ ਇਕੋ ਤਰ੍ਹਾਂ ਲਾਗੂ ਹੁੰਦਾ ਹੈ। ਇਸਤ੍ਰੀ ਤੇ ਨੌਜਵਾਨ ਮਜ਼ਦੂਰਾਂ ਨੂੰ ਸਮਾਨ ਕੰਮ ਲਈ ਸਮਾਨ ਤਨਖਾਹ ਮਿਲਦੀ ਹੈ।

ਟ੍ਰੇਡ ਯੂਨੀਅਨਾਂ ਦੀ ਕੇਂਦਰੀ ਕਮੇਟੀ ਤੇ ਫੈਕਟਰੀਆਂ ਦੀਆਂ ਟ੍ਰੇਡ ਯੂਨੀਅਨ ਕਮੇਟੀਆਂ ਨੂੰ ਉਜਰਤ ਦੇ ਸਾਰੇ ਲੇਖੇ ਦੀ ਅਤੇ ਮੁਆਵਜ਼ੇ ਦੀ ਪੜਤਾਲ ਕਰਨ ਦਾ ਹਕ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੬੩. ਕਾਢਕਾਰਾਂ ਦਾ ਹੌਸਲਾ ਕਿਵੇਂ ਵਧਾਇਆ ਜਾਂਦਾ ਹੈ ਤੇ ਉਨ੍ਹਾਂ ਦੇ ਅਧਿਕਾਰ ਕੀ ਹਨ ?

ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਪਿਛੋਂ ਕਾਢਕਾਰੀ-ਵਿਚਾਰਾਂ ਨੇ ਬਹੁਤ ਵਡੇ ਪੈਮਾਨੇ ਤੇ ਉੱਨਤੀ ਕੀਤੀ ਹੈ । ਸੋਵੀਅਟ ਯੂਨੀਅਨ ਵਿਚ ਲਖਾਂ ਹੀ ਕਾਢਕਾਰ ਤੇ ਕਾਰਜ-ਢੰਗ ਵਿਚ ਸੁਧਾਰ ਕਰਨ ਵਾਲੇ ਲੋਕ ਹਨ । ਉਨ੍ਹਾਂ ਵਿਚ ਸਾਇੰਸਦਾਨ, ਇੰਜੀਨੀਅਰ, ਮਜ਼ਦੂਰ ਤੇ ਸਾਂਝੇ ਕਿਸਾਨ ਸ਼ਾਮਲ ਹਨ; ਉਨ੍ਹਾਂ ਵਿਚੋਂ ਹਰ ਇਕ ਆਪਣੇ ਪੈਦਾਵਾਰੀ ਖੇਤਰ ਵਿਚ ਤੇ ਇਸ ਰਾਹੀਂ ਆਪਣੇ ਸੋਸ਼ਲਿਸਟ ਦੇਸ ਲਈ ਵਧ ਤੋਂ ਵਧ ਲਾਭਦਾਇਕ ਹੋਣ ਦਾ ਯਤਨ ਕਰਦਾ ਹੈ। ਉਦਾਹਰਣ ਵਜੋਂ ਸਿਰਫ ੧੯੫੩ ਵਿਚ ਹੀ ਉਦਯੋਗ ਤੇ ਇਮਾਰਤ-ਉਸਾਰੀ ਦੀਆਂ ਸਨਅਤਾਂ ਤੇ ਟਰਾਂਸਪੋਰਟ (ਢੋਆ ਢੁਆਈ) ਵਿਚ ਨੌਂ ਲਖ ਤੋਂ ਉਪਰ ਕਾਢਾਂ, ਟੈਕਨੀਕਲ ਸੁਧਾਰ ਤੇ ਕਾਰਜ-ਢੰਗਾਂ ਵਿਚ ਸੁਧਾਰ ਦੀਆਂ ਤਜਵੀਜਾਂ ਅਮਲ ਵਿਚ ਲਿਆਂਦੀਆਂ ਗਈਆਂ । ਇਨ੍ਹਾਂ ਵਿਚੋਂ ਸਿਰਫ ਚਾਰ ਲਖ ਪੈਂਤੀ ਹਜ਼ਾਰ ਰਜਿਸਟਰਡ ਤਜਵੀਜਾਂ ਦੁਆਰਾ ਹੀ ੧੯੫੩ ਵਿਚ ੪੪੦ ਕਰੋੜ ਰੂਬਲ ਦੀ ਬਚਤ ਹੋਈ ।

ਸੋਵੀਅਟ ਯੂਨੀਅਨ ਵਿਚ ਕਾਢਕਾਰ ਸਨਮਾਨੇ ਜਾਂਦੇ ਹਨ ਤੇ ਸੋਵੀਅਟ ਕਾਨੂੰਨ ਉਨ੍ਹਾਂ ਦੇ ਹੱਕਾਂ ਦੀ ਰਖਿਆ ਕਰਦਾ ਹੈ।

ਕਾਢਕਾਰਾਂ ਨੂੰ ਆਪਣੀਆਂ ਕਾਢਾਂ ਦਾ ਸਦਕਾ ਸਟੇਟ ਵਲੋਂ ਕਾਫੀ ਇਨਾਮ ਮਿਲਦਾ ਹੈ । ਇਨਾਮ ਦੀ ਰਕਮ ਉਸ ਕਾਢ ਦੀ ਕੀਮਤ ਜਾਂ ਉਸ ਦੁਆਰਾ ਕੌਮੀ ਆਰਥਕਤਾ ਨੂੰ ਹੋਈ ਬਚਤ ਦੇ ਤਨਾਸਬ ਨਾਲ ਦਿਤੀ ਜਾਂਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਾਢਕਾਰ ਨੂੰ ਹੱਕ ਹੈ ਕਿ ਉਹ ਭਾਵੇਂ ਇਸ ਕਾਢ ਦਾ ਕਰਤਾ ਹੋਣ ਦਾ ਸਰਟੀਫਿਕੇਟ ਲੈ ਲਵੇ ਭਾਵੇਂ ਇਹਨੂੰ ਪੇਟੰਟ ਕਰਵਾ ਲਵੇ।

ਜੇ ਕੋਈ ਆਦਮੀ ਕਿਸੇ ਦੀ ਕਾਢ ਚੁਰਾ ਲਵੇ ਜਾਂ ਕਾਢਕਾਰ ਦੇ ਨਾਂਅ ਤੇ ਇਹਦੀ ਰਜਿਸਟਰੀ ਹੋਣ ਤੋਂ ਪਹਿਲਾਂ ਇਸ ਕਾਢ ਦਾ ਭੇਤ ਖੋਲ੍ਹ ਦੇਵੇ ਤਾਂ ਉਹਦੇ ਵਿਰੁਧ ਕਾਨੂੰਨੀ ਕਾਰਵਾਈ ਕਰ ਕੇ ਉਸ ਤੋਂ ਹਰਜਾਨਾ ਵਸੂਲ ਕੀਤਾ ਜਾ ਸਕਦਾ ਹੈ।

ਇਸੇ ਤਰ੍ਹਾਂ, ਜੇ ਕੋਈ ਆਦਮੀ ਦਫਤਰੀ-ਲਮਕਾਊ ਕਾਰਵਾਈ ਤੇ ਦਫਤਰੀਅਤ ਦੇ ਚੱਕਰ ਦੁਆਰਾ ਇਸ ਕਾਢ ਦੇ ਮੁਆਇਨੇ, ਇਹਦੀ ਤਰੱਕੀ ਜਾਂ ਇਸ ਤੇ ਅਮਲ ਹੋਣ ਵਿਚ ਚਿਰ ਲੁਆਉਂਦਾ ਹੈ ਤਾਂ ਉਸ ਤੋਂ ਸਖਤੀ ਨਾਲ ਪੁਛ ਪੜਤਾਲ ਕੀਤੀ ਜਾਂਦੀ ਹੈ। ਅਜਿਹੇ ਆਦਮੀਆਂ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਤੇ ਮੁਕਦਮਾ ਚਲਾਇਆ ਜਾ ਸਕਦਾ ਹੈ।

ਕਾਢਕਾਰਾਂ ਦੇ ਕੰਮ ਵਲ ਬੜਾ ਧਿਆਨ ਦਿਤਾ ਜਾਂਦਾ ਹੈ। ਸਨਅਤੀ ਕਾਰਖਾਨਿਆਂ ਵਿਚ ਕਾਢਕਾਰਾਂ ਤੇ ਕਾਰਜ-ਢੰਗਾਂ ਵਿਚ ਸੁਧਾਰ ਕਰਨ ਵਾਲਿਆਂ ਦੀ ਮਦਦ ਲਈ ਟਰੇਡ ਯੂਨੀਅਨ ਕਮੇਟੀਆਂ ਦੇ ਸਪੈਸ਼ਲ ਕਮਿਸ਼ਨ ਹੁੰਦੇ ਹਨ। ਵਜ਼ਾਰਤਾਂ, ਟਰੱਸਟ, ਫੈਕਟਰੀਆਂ ਤੇ ਕਾਨਾਂ ਆਦਿ ਦੇ ਸਪੈਸ਼ਲ ਬਿਊਰੋ ਹੁੰਦੇ ਹਨ ਜਿਹੜੇ ਕਾਢਾਂ ਅਤੇ ਕਾਰਜ-ਢੰਗਾਂ ਵਿਚ ਸੁਧਾਰ ਦੀਆਂ ਤਜਵੀਜ਼ਾਂ ਤੇ ਵਿਚਾਰ ਕਰਦੇ ਹਨ। ਸਨਅਤੀ ਕਾਰਖਾਨਿਆਂ ਦੇ ਪ੍ਰਬੰਧਕ ਕਾਢਕਾਰਾਂ ਦੀ ਮਦਦ ਲਈ ਅਤੇ ਇੰਜੀਨੀਅਰਾਂ, ਟੈਕਨੀਸ਼ਨਾਂ ਤੇ ਮਜ਼ਦੂਰਾਂ ਨੂੰ ਇਨਾਮ ਦੇਣ ਲਈ, ਜਿਹੜੇ ਆਪਣੀਆਂ ਫੈਕਟਰੀਆਂ ਵਿਚ ਕਾਢਾਂ ਪਰਚਲਤ ਕਰਦੇ ਹਨ, ਕਾਫੀ ਤਕੜੀ ਰਕਮ ਖਰਚ ਕਰਦੇ ਹਨ।

ਵਿਸ਼ੇਸ਼ ਰੂਪ ਵਿਚ ਮਹਤਵ-ਪੂਰਨ ਕਾਢਾਂ ਕਢਣ ਵਾਲਿਆਂ ਨੂੰ ਸਟਾਲਿਨ-ਇਨਾਮ ਦਿਤੇ ਜਾਂਦੇ ਹਨ (ਵੇਖੋ ਉਤਰ ਨੰ: ੯੦)। ਅਨੇਕਾਂ ਕਾਢਕਾਰਾਂ ਨੂੰ ਖਤਾਬ ਤੇ ਤਗਮੇ ਦਿਤੇ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੬੪. ਸਰਵਿਸ ਬੋਨਸ ਕਿਨ੍ਹਾਂ ਨੂੰ ਮਿਲਦੇ ਹਨ ?

ਸੋਵੀਅਟ ਸਟੇਟ ਲੰਮੀ ਤੇ ਦਿਲੋਂ ਮਨੋਂ ਕੀਤੀ ਸੇਵਾ ਲਈ ਹਰ ਸੰਭਵ ਉਤਸ਼ਾਹ ਦੇਂਦੀ ਹੈ। ਅਜੇਹਾ ਇਕ ਉਤਸ਼ਾਹ ਸਰਵਿਸ ਬੋਨਸ ਹੈ, ਜੋ ਹਰ ਵਰ੍ਹੇ ਜਾਂ ਹਰ ਮਹੀਨੇ ਦਿਤਾ ਜਾਂਦਾ ਹੈ।

ਉਦਾਹਰਣ ਵਜੋਂ, ਕੋਲੇ ਦੀ ਸਨਅਤ ਵਿਚ ਇਹ ਬੋਨਸ ਸਾਰੇ ਸਟਾਫ਼ ਨੂੰ–ਉਨ੍ਹਾਂ ਨੂੰ ਵੀ ਜਿਹੜੇ ਧਰਤੀ ਹੇਠ ਕੰਮ ਕਰਦੇ ਹਨ ਤੇ ਉਨ੍ਹਾਂ ਨੂੰ ਵੀ ਜਿਹੜੇ ਖਾਣਾਂ ਨਾਲ ਸੰਬੰਧਤ ਕਾਰਖਾਨਿਆਂ ਵਿਚ ਕੰਮ ਕਰਦੇ ਹਨ–ਦਿਤੇ ਜਾਂਦੇ ਹਨ।

ਜਿਨ੍ਹਾਂ ਖਾਣ ਪੁਟਾਂ ਨੇ ਖਾਣ ਵਿਚ ਸਾਲ ਤੋਂ ਉਪਰ ਕੰਮ ਕੀਤਾ ਹੁੰਦਾ ਹੈ ਉਨ੍ਹਾਂ ਨੂੰ ਉਨ੍ਹਾਂ ਦੀ ਸਾਲਾਨਾ ਉਜਰਤ ਦਾ ਦਸ ਫ਼ੀ ਸਦੀ ਬੋਨਸ ਮਿਲਦਾ ਹੈ। ਤੀਜੇ ਤੋਂ ਪੰਜਵੇਂ ਵਰ੍ਹੇ ਤਕ ਉਨ੍ਹਾਂ ਨੂੰ ਪੰਦਰਾਂ ਫੀ ਸਦੀ ਬੋਨਸ ਮਿਲਦਾ ਹੈ। ਪੰਜ ਤੋਂ ਦਸ ਸਾਲ ਲਈ ਵੀਹ ਫੀ ਸਦੀ ਅਤੇ ਪੰਦਰਾਂ ਤੋਂ ਉਪਰ ਵਰ੍ਹਿਆਂ ਲਈ ਤੀਹ ਫੀ ਸਦੀ ਬੋਨਸ ਦਿਤਾ ਜਾਂਦਾ ਹੈ। ੧੯੫੨ ਵਿਚ, ਸੋਵੀਅਟ ਸਰਕਾਰ ਵਲੋਂ ਖਾਣ ਪੁਟਾਂ ਨੂੰ ਦਿਤੇ ਸਰਵਿਸ ਬੋਨਸ ਦੀ ਰਕਮ ੧੪੭ ਕਰੋੜ ੪੦ ਲਖ ਰਬਲ ਬਣਦੀ ਸੀ।

ਪੰਜਾਹ ਵਰ੍ਹੇ ਦੇ ਹੋਣ ਤੇ, ਜਿਨ੍ਹਾਂ ਖਾਣ-ਪੁਟਾਂ ਨੇ ਕੋਲਾ-ਸਨਅਤ ਵਿਚ ਵੀਹ ਸਾਲ ਕੰਮ ਕੀਤਾ ਹੁੰਦਾ ਹੈ ਉਨ੍ਹਾਂ ਨੂੰ ਉਨ੍ਹਾਂ ਦੀ ਪਹਿਲੀ ਮਾਹਵਾਰ ਉਜਰਤ ਦੇ ਅਧ ਦੇ ਬਰਾਬਰ ਮਾਹਵਾਰ ਪਿਨਸ਼ਨ ਮਿਲਵੀ ਹੈ, ਇਸ ਗਲ ਨੂੰ ਧਿਆਨ ਵਿਚ ਰਖੇ ਬਗੈਰ ਕਿ ਉਹ ਰੀਟਾਇਰ ਹੋ ਜਾਂਦੇ ਹਨ ਜਾਂ ਨਹੀਂ।

ਲੋਹੇ ਤੇ ਫੌਲਾਦ ਤੇ ਤੇਲ ਦੀ ਸਨਅਤ ਵਿਚ ਕੰਮ ਕਰਨ ਵਾਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਜ਼ਦੂਰਾਂ, ਭੱਤੇ-ਵੇਤਾਵਾਂ, ਹਵਾਬਾਜ਼ਾਂ, ਵਿਗਿਆਨਿਕ ਕਾਮਿਆਂ, ਉਚੇਰੇ ਤਾਲੀਮੀ ਉਸਤਾਦਾਂ, ਅਧਿਆਪਕਾਂ, ਡਾਕ ਤੇ ਤਾਰ ਦੇ ਕਰਮਚਾਰੀਆਂ, ਰੇਲਵਾਈਆਂ ਤੇ ਹੋਰ ਅਨੇਕ ਪ੍ਰਕਾਰ ਦੇ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਵੀ ਸਰਵਸ ਬੋਨਸ ਦਿਤੇ ਜਾਂਦੇ ਹਨ। ਵਖੋ ਵਖ ਖੇਤਰਾਂ ਵਿਚ ਬੋਨਸ ਦੀ ਰਕਮ ਵਖੋ ਵਖ ਹੁੰਦੀ ਹੈ।

੬੫. ਸੋਸ਼ਲਿਸਟ ਮੁਕਾਬਲਾ ਕੀ ਹੁੰਦਾ ਹੈ ?

ਸੋਵੀਅਟ ਯੂਨੀਅਨ ਵਿਚ ਸੋਸ਼ਲਿਸਟ ਮੁਕਾਬਲਾ ਮਿਹਨਤਕਸ਼ ਲੋਕਾਂ ਦੀ ਜਨਤਕ ਲਹਿਰ ਹੈ ਜਿਸਦਾ ਮੰਤਵ ਮਜ਼ਦੂਰਾਂ ਦੀ ਉਚੀ ਉਪਜਾਊ-ਸ਼ਕਤੀ ਅਤੇ ਕੌਮੀ ਆਰਥਕਤਾ ਦੀਆਂ ਪੈਦਾਵਾਰੀ ਪਲੈਨਾਂ ਨੂੰ ਸ਼ਡਿਊਲ ਤੋਂ ਪਹਿਲਾਂ ਹੀ ਪੂਰਾ ਕਰਨਾ ਤੇ ਅਧਿਕ-ਪੂਰਾ ਕਰਨਾ ਹੈ। ਇਹ ਲਹਿਰ ਮਿਹਨਤਕਸ਼ ਲੋਕਾਂ ਦੀ ਆਪਣੀ ਪਹਿਲ ਕਦਮੀ ਦਾ ਸਦਕਾ ਹੇਠੋਂ ਉਭਰੀ ਹੈ ਅਤੇ ਸੋਵੀਅਟ ਯੂਨੀਅਟ ਵਿਚ ਮਿਹਨਤ ਦਾ ਸੋਸ਼ਲਿਸਟ ਖ਼ਾਸਾ (ਲਛਣ) ਹੋਣ ਕਰਕੇ ਇਹਨੇ ਸਰਬ-ਦੇਸ਼ਕ ਰੂਪ ਧਾਰ ਲਿਆ। ਆਜ਼ਾਦ ਮਿਹਨਤ ਨੇ ਅਤੇ ਇਸ ਗਲ ਨੇ ਕਿ ਸੋਵੀਅਟ ਯੂਨੀਅਨ ਦੇ ਮਿਹਨਤੀ ਆਦਮੀ ਤੇ ਇਸਤ੍ਰੀ ਜਾਣਦੇ ਹਨ ਕਿ ਉਹ ਆਪਣੇ ਆਪ ਲਈ ਤੇ ਆਪਣੀ ਸਮਾਜ ਲਈ ਕੰਮ ਕਰ ਰਹੇ ਹਨ, ਸੋਵੀਅਟ ਲੋਕਾਂ ਦੇ ਮਨਾਂ ਵਿਚ ਇਸ ਮਹਾਨ ਦੇਸ਼ ਭਗਤਕ ਇਛਿਆ ਨੂੰ ਜਨਮ ਦਿਤਾ ਕਿ ਪੈਦਾਵਾਰ ਦੇ ਵਾਧੇ ਲਈ ਅਤੇ ਇਸ ਪ੍ਰਕਾਰ ਸੋਸ਼ਲਿਸਟ ਸਟੇਟ ਦੀ ਤਾਕਤ ਮਜ਼ਬੂਤ ਕਰਨ ਲਈ ਕੰਮ ਕੀਤਾ ਜਾਵੇ।

ਸੋਸ਼ਲਿਸਟ ਮੁਕਾਬਲਾ ਕਰੋੜਾਂ ਮਿਹਨਤਕਸ਼ ਲੋਕਾਂ ਦੀ ਵਧ ਤੋਂ ਵਧ ਸਰਗਰਮੀ ਦੇ ਆਧਾਰ ਤੇ ਸੋਸ਼ਲਿਜ਼ਮ ਦੀ ਉਸਾਰੀ ਦਾ ਕਮਿਊਨਿਸਟ ਢੰਗ ਹੈ। ੧੯੫੨ ਵਿਚ ਸੋਵੀਅਟ ਯੂਨੀਅਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
੯੦ ਫ਼ੀ ਸਦੀ ਤੋਂ ਬਹੁਤੇ ਮਿਹਨਤਕਸ਼ਾਂ ਨੇ ਸੋਸ਼ਲਿਸਟ ਮੁਕਾਬਲੇ ਵਿਚ ਹਿਸਾ ਲਿਆ।

ਮੁਕਾਬਲਾ ਹੇਠ ਲਿਖੀਆਂ ਲੀਹਾਂ ਤੇ ਹੁੰਦਾ ਹੈ :—

ਸਨਅਤੀ ਕਾਰਖਾਨਿਆਂ ਤੇ ਟਰਾਂਸਪੋਰਟ ਦੇ ਮਜ਼ਦੂਰ, ਇੰਜੀਨੀਅਰ, ਟੈਕਨੀਸ਼ਨ ਤੇ ਦਫਤਰੀ ਕਾਮੇ, ਚੀਜ਼ਾਂ ਦੀ ਵੰਡ ਕਰਨ ਵਾਲੇ ਕਿਰਤੀ, ਸਾਂਝੇ ਕਿਸਾਨ ਤੇ ਦੂਜੇ ਮਿਹਨਤਕਸ਼ ਲੋਕ ਆਪਣੀ ਹੀ ਪਹਿਲ-ਕਦਮੀ ਤੇ ਪੈਦਾਵਾਰੀ ਪਲੈਨ ਨੂੰ ਸ਼ਡਿਊਲ ਤੋਂ ਪਹਿਲਾਂ ਹੀ ਸਿਰੇ ਚੜ੍ਹਾਣ ਦੀ ਸੋਸ਼ਲਿਸਟ ਜ਼ਿਮੇਵਾਰੀ ਚੁਕਦੇ ਹਨ।

ਮੁਕਾਬਲੇ ਵਿਚ ਹਿਸਾ ਲੈਣ ਵਾਲੇ, ਇਕੱਲੇ ਇਕੱਲੇ ਜਾਂ ਗਰੁਪ, ਜਾਂ ਪੂਰੀਆਂ ਦੀਆਂ ਪੂਰੀਆਂ ਫੈਕਟਰੀਆਂ ਸਮਝੌਤੇ ਤੈ ਕਰਦੀਆਂ ਹਨ ਜਿਨ੍ਹਾਂ ਵਿਚ ਰਜ਼ਾਮੰਦੀ ਨਾਲ ਚੁਕੀਆਂ ਜ਼ਿਮੇਵਾਰੀਆਂ ਨੂੰ ਦਰਜ ਕੀਤਾ ਜਾਂਦਾ ਹੈ। ਟਰੇਡ ਯੂਨੀਅਨਾਂ, ਵਜ਼ਾਰਤਾਂ ਅਤੇ ਕਾਰਖਾਨਿਆਂ ਦੇ ਮੁਖੀਏ, ਮੁਕਾਬਲੇ ਵਿਚ ਭਾਗ ਲੈਣ ਵਾਲਿਆਂ ਨਾਲ ਰਲ ਕੇ, ਸਿੱਟਿਆਂ ਦੀ ਪੜਤਾਲ ਕਰ ਕੇ ਜੇਤੂਆਂ ਦਾ ਫੈਸਲਾ ਕਰਦੇ ਹਨ।

ਵਧੀਆ ਕੰਮ—ਬਰੀਗੇਡਾਂ, ਸ਼ਾਪਾਂ ਤੇ ਫੈਕਟਰੀਆਂ ਦੇ ਮੁਕਾਬਲੇ ਵਿਚ ਸ਼ਾਮਲ ਹੋਣ ਵਾਲੀਆਂ ਵਿਅਕਤੀਆਂ ਨੂੰ ਨਕਦ ਇਨਾਮ ਤੇ ਸਰਟੀਫਿਕੇਟ ਦਿਤੇ ਜਾਂਦੇ ਹਨ।

ਸੋਸ਼ਲਿਸਟ ਮੁਕਾਬਲੇ ਦਾ ਬੁਨਿਆਦੀ ਅਸੂਲ ਇਹ ਹੈ ਕਿ ਵਧੀਆ ਮਜ਼ਦੂਰ ਪਿਛੇ ਰਹੇ ਮਜ਼ਦੂਰਾਂ ਨੂੰ ਸਾਥੀਆਂ ਵਾਂਗ ਸਹਾਇਤਾ ਦੇਂਦੇ ਹਨ ਤਾਂ ਜੁ ਆਮ ਤਰੱਕੀ ਹੋ ਸਕੇ। ਇਸ ਬੁਨਿਆਦੀ ਅਸੂਲ ਬਾਰੇ, ਜਿਹੜਾ ਸਰਮਾਏਦਾਰੀ ਮੁਕਾਬਲੇ ਦੇ ਅਸੂਲ ਤੋਂ ਬਿਲਕੁਲ ਹੀ ਵਖਰਾ ਹੈ, ਕਾਮਰੇਡ ਸਟਾਲਿਨ ਨੇ ਲਿਖਿਆ ਸੀ :

"ਮੁਕਾਬਲਾ ਆਖਦਾ ਹੈ : ਪਛੜੇਪਨ ਦਾ ਅੰਤ ਕਰੋ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੁ ਤੁਸੀਂ ਆਪਣੀ ਉੱਨਤੀ ਨੂੰ ਪਾਕਿਆ ਕਰ ਸਕੋ ।

"ਸੋਸ਼ਲਿਸਟ ਮੁਕਾਬਲਾ ਆਖਦਾ ਹੈ : ਕੁਝ ਲੋਕ ਮਾੜਾ ਕੰਮ ਕਰਦੇ ਹਨ, ਕੁਝ ਚੰਗਾ, ਕੁਝ ਚੰਗੇਰਾ, ਸੋ ਵਧੀਆ ਮਜ਼ਦੂਰਾਂ ਨਾਲ ਰਲਣ ਦਾ ਜਤਨ ਕਰੋ ਤੇ ਏਸ ਤਰ੍ਹਾਂ ਆਮ ਢਾਂਚਾ ਸੰਭਵ ਬਣਾਓ। ਅਸਲ ਵਿਚ ਇਹੋ ਗਲ ਹੈ ਜੋ ਉਸ ਬੇਮਿਸਾਲ ਪੈਦਾਵਾਰੀ ਉਤਸ਼ਾਹ ਦਾ ਕਾਰਨ ਦਰਸਾਉਂਦੀ ਹੈ ਜਿਸ ਨੇ ਸੋਸ਼ਲਿਸਟ ਮੁਕਾਬਲੇ ਦੇ ਸਿੱਟੇ ਵਜੋਂ ਕਰੋੜਾਂ ਹੀ ਮਿਹਨਤਕਸ਼ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਆਂਦਾ ਹੈ ।"

ਆਮ ਜਨਤਾ ਦਾ ਸੋਸ਼ਲਿਸਟ ਮੁਕਾਬਲਾ ਉਨ੍ਹਾਂ ਮੁਖ ਸ਼ਕਤੀਆਂ ਚੋਂ ਇਕ ਸ਼ਕਤੀ ਹੈ ਜਿਨ੍ਹਾਂ ਨੇ ਸੋਵੀਅਟ ਯੂਨੀਅਨ ਦੀ ਕੌਮੀ ਆਰਥਕਤਾ ਦੀ ਤਰੱਕੀ ਲਈ ਜੰਗੋਂ ਪਹਿਲੀਆਂ ਪੰਜ-ਸਾਲਾ ਪਲੈਨਾਂ ਅਤੇ ਜੰਗ ਮਗਰਲੀਆਂ ਪਲੈਨਾਂ ਦਾ ਸਫਲਤਾ-ਪੂਰਵਕ ਸਿਰੇ ਚੜ੍ਹਨਾ ਯਕੀਨੀ ਬਣਾ ਦਿਤਾ ।

ਸੋਸ਼ਲਿਸਟ ਮੁਕਾਬਲਾ ਇਸ ਬੁਨਿਆਦੀ ਅਸੂਲ ਦੀ ਇਕ ਉਘੜਵੀਂ ਮਿਸਾਲ ਹੈ ਕਿ ਸੋਵੀਅਟ ਯੂਨੀਅਨ ਵਿਚ ਨਿਜੀ ਲਾਭਾਂ ਤੇ ਸਟੇਟ ਦੇ ਲਾਭਾਂ ਵਿਚ ਕੋਈ ਵਿਰੋਧ ਨਹੀਂ ਹੋ ਸਕਦਾ ।

ਸੋਵ।ਅਟ ਰਾਜ-ਬਣਤਰ ਦੀ ਬਾਰ੍ਹਵੀਂ ਧਾਰਾ ਵਿਚ ਦਰਜ ਹੈ : "ਸੋਵੀਅਟ ਯੂਨੀਅਨ ਵਿਚ ਲਾਗੂ ਅਸੂਲ ਸੋਸ਼ਲਿਜ਼ਮ ਦਾ ਇਹ ਅਸੂਲ ਹੈ : ਹਰ ਇਕ ਤੋਂ ਉਹਦੀ ਯੋਗਤਾ ਅਨੁਸਾਰ ਕੰਮ, ਹਰ ਇਕ ਨੂੰ ਉਹਦੇ ਕੰਮ ਅਨੁਸਾਰ ਮੁਆਵਜ਼ਾ ।"

ਹਰ ਮਜ਼ਦੂਰ, ਸਾਂਝਾ ਕਿਸਾਨ ਤੇ ਇਸਤਰੀ ਮਰਦ ਜੋ ਕਿਸੇ ਪੇਸ਼ੇ ਵਿਚ ਵਿਸ਼ੇਸ਼ ਮੁਹਾਰਤ ਹਾਸਲ ਕਰਦੇ ਅਤੇ ਸੋਸ਼ਲਿਸਟ ਮੁਕਾਬਲੇ ਦੇ ਸਿੱਟੇ ਵਜੋਂ ਆਪਣੀ ਮਿਹਨਤ ਦੀ ਉਪਜਾਊ-ਸ਼ਕਤੀ ਅਤੇ ਪੈਦਾਵਾਰ ਵਧਾ ਲੈਂਦੇ ਹਨ, ਇਹਦੇ ਨਾਲ ਹੀ ਆਪਣੀ ਆਮਦਨੀ ਵੀ ਵਧਾਉਂਦੇ ਹਨ । ਕਿਉਂ ਜੋ ਸੋਵੀਅਟ ਯੂਨੀਅਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਆਮਦਨੀ ਕੰਮ ਦੀ ਸਿਕਦਾਰ ਤੇ ਪ੍ਰਕਾਰ (ਕੁਆਲਟੀ) ਤੇ ਨਿਰਭਰ ਹੁੰਦੀ ਹੈ।

੬੬. ਸੋਵੀਅਟ ਯੂਨੀਅਨ ਵਿਚ ਪੈਦਾਵਾਰ ਦੇ ਸ਼ੁਮਣੀ ਕਾਮੇ ਕਿਹੜੇ ਹਨ ?

ਸ਼ੁਮਣੀ ਕਾਮੇ ਦਾ ਨਾਂਅ ਸੋਸ਼ਲਿਸਟ ਮੁਕਾਬਲੇ ਵਿਚ ਹਿਸਾ ਲੈ ਰਹੇ ਉਹਨਾਂ ਲੋਕਾਂ ਨੂੰ ਦਿਤਾ ਜਾਂਦਾ ਹੈ ਜਿਹੜੇ ਟੈਕਨੀਕ ਦੇ ਪੂਰੀ ਤਰ੍ਹਾਂ ਉਸਤਾਦ ਬਣ ਗਏ ਹਨ ਤੇ ਜਿਨ੍ਹਾਂ ਨੇ ਕੰਮ ਦੇ ਚੰਗੇਰੇ ਢੰਗਾਂ ਤੇ ਟੈਕਨੀਕਲ ਤਰੱਕੀ ਦਾ ਸਦਕਾ ਮਿਹਨਤ ਦੀ ਉਚੀ ਉਪਜ ਪ੍ਰਾਪਤ ਕਰ ਲਈ ਹੈ।

ਬਹੁਤੇ ਸ਼ੁਮਣੀ ਕਾਮੇ ਨੌਜਵਾਨ ਜਾਂ ਅਧਖੜ ਉਮਰ ਦੇ ਮਰਦ ਇਸਤ੍ਰੀਆਂ ਹਨ ਜਿਹੜੇ ਬਾਕਾਇਦਾ ਲਗਾਤਾਰ ਟੈਕਨੀਕਲ ਸਿਖਿਆ ਪ੍ਰਾਪਤ ਕਰ ਰਹੇ ਹਨ। ਇਹ ਸਭਿਆਚਾਰ ਤੇ ਟੈਕਨੀਕਲ ਗਿਆਨ ਦੇ ਮਾਲਕ ਲੋਕ ਹਨ ਜਿਹੜੇ ਹਰ ਰੋਜ਼ ਕੰਮ ਵਿਚ ਇਨ ਬਿਨਤਾ ਤੇ ਸੁਧਤਾ ਦੀਆਂ ਮਿਸਾਲਾਂ ਪੇਸ਼ ਕਰਦੇ ਹਨ। ਉਹ ਟੈਕਨੀਕ ਕੋਲੋਂ ਜੋ ਵਧ ਤੋਂ ਵਧ ਹਾਸਲ ਕੀਤਾ ਜਾ ਸਕਦਾ ਹੈ, ਕਰਦੇ ਹਨ।

ਟੈਕਨੀਕ ਦੀ ਦੇਣ ਸਬੰਧੀ ਪਛੜੇ ਹੋਏ ਖਿਆਲਾਂ ਨੂੰ ਇਹ ਮਜ਼ਦੂਰ ਆਪਣੇ ਅਮਲੀ ਕੰਮ ਰਾਹੀਂ ਕਾਫੂਰ ਕਰ ਦੇਂਦੇ ਹਨ ਅਤੇ ਮੌਜੂਦਾ ਮਿਥੀਆਂ ਹੋਈਆਂ ਯੋਗਤਾਵਾਂ ਤੇ ਟੈਕਨੀਕਲ ਮਿਆਰਾਂ ਨੂੰ ਕਿਤੇ ਪਿਛਾਂ ਛਡ ਜਾਂਦੇ ਹਨ। ਉਹ ਟੈਕਨੀਕ ਤੇ ਸਾਇੰਸ ਲਈ ਨਵੇਂ ਰਾਹ ਖੋਹਲਦੇ ਹਨ।

ਸ਼ੁਮਣੀ ਮਜ਼ਦੂਰ ਪੈਦਾਵਾਰੀ ਰੀਕਾਰਡ ਤੋੜਨ ਵਾਲੇ ਵਿਰਲੇ ਲੋਕ ਨਹੀਂ ਹਨ। ਉਹ ਲਖਾਂ ਕਰੋੜਾਂ ਦੀ ਗਿਣਤੀ ਵਿਚ ਹਨ।

ਸ਼ੁਮਣੀ ਮਜ਼ਦੂਰਾਂ ਦੀ ਲਹਿਰ ਦੇ ਜਨਮ ਤੇ ਵਿਕਾਸ਼ ਦੇ ਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਮੇ ਹਨ। ਪਹਿਲਾ ਸੋਮਾਂ ਤਾਂ ਮਿਹਨਤਕਸ਼ ਲੋਕਾਂ ਦੀ ਮਾਦੀ ਖੁਸ਼ਹਾਲੀ ਵਿਚ ਹੋਈ ਬੇਹਦ ਤਰੱਕੀ ਹੈ। ਦੂਜਾ, ਇਹ ਹਕੀਕਤ ਹੈ ਕਿ ਸੋਵੀਅਟ ਲੋਕ ਲੁਟੇਰਿਆਂ ਲਈ ਨਹੀਂ ਸਗੋਂ ਆਪਣੇ ਆਪ ਲਈ, ਖੁਦ ਆਪਣੇ ਸਮਾਜ ਲਈ ਕੰਮ ਕਰਦੇ ਹਨ। ਤੀਜਾ ਇਹ ਕਿ ਸੋਵੀਅਟ ਕੌਮੀ ਆਰਥਕਤਾ ਨੂੰ ਦਿਨ-ਬ-ਦਿਨ ਬੜੇ ਵਡੇ ਪੈਮਾਨੇ ਤੇ ਨਵੀਨ ਤੋਂ ਨਵੀਨ ਮਸ਼ੀਨਾਂ ਮਿਲ ਰਹੀਆਂ ਹਨ, ਜਿਸ ਨਾਲ ਮਜ਼ਦੂਰਾਂ ਦਾ ਕੰਮ-ਭਾਰ ਹੌਲਾ ਹੁੰਦਾ ਹੈ ਤੇ ਇਹ ਗਲ ਸੰਭਵ ਬਣ ਜਾਂਦੀ ਹੈ ਕਿ ਮਜ਼ਦੂਰਾਂ ਦੀ ਉਪਜਾਊ-ਸ਼ਕਤੀ ਵਿਚ ਨਿਤ ਨਵਾਂ ਵਾਧਾ ਹੁੰਦਾ ਰਹੇ। ਚੌਥਾ ਸੋਮਾ ਇਹ ਹੈ ਕਿ ਸੋਵੀਅਟ ਯੂਨੀਅਨ ਵਿਚ ਮਜ਼ਦੂਰਾਂ ਦੀਆਂ ਨਵੀਆਂ ਤਾਕਤਾਂ ਪੈਦਾ ਕੀਤੀਆਂ ਗਈਆਂ ਹਨ ਜਿਨ੍ਹਾਂ ਨੇ ਟੈਕਨੀਕ ਵਿਚ ਨਿਪੁੰਨਤਾ ਹਾਸਲ ਕਰ ਲਈ ਹੈ ਤੇ ਜਿਹੜੀਆਂ ਇਹਨੂੰ ਉਚੇਰਾ ਬਣਾ ਰਹੀਆਂ ਹਨ।

ਪਿਛਲੇ ੨੫ ਵਰ੍ਹੇ ਵਿਚ ਮਿਹਨਤ ਦੀ ਉਪਜਾਊ-ਸ਼ਕਤੀ ਆਮ ਸਨਅਤ ਵਿਚ ਲਗ ਪਗ ੫੦੦ ਫੀ ਸਦੀ, ਇਮਾਰਤਾਂ ਦੀ ਸਨਅਤ ਤੇ ਰੇਲਵੇ ਟਰਾਂਸਪੋਰਟ ਵਿਚ ੨੫੦ ਫੀ ਸਦੀ ਅਤੇ ਜ਼ਰਾਇਤ ਵਿਚ ੨੦੦ ਫੀ ਸਦੀ ਵਧੀ ਹੈ।

ਕਿਉਂ ਜੋ ਸੋਵੀਅਟ ਯੂਨੀਅਨ ਵਿਚ ਮੁਆਵਜ਼ਾ ਕੰਮ ਦਾ ਮਿਕਦਾਰ ਤੇ ਪ੍ਰਕਾਰ (ਕੁਆਲਟੀ) ਅਨੁਸਾਰ ਮਿਲਦਾ ਹੈ, ਇਸ ਲਈ ਇਸ ਲਹਿਰ ਨੂੰ ਕੁਦਰਤੀ ਤੌਰ ਤੇ ਮਜ਼ਦੂਰ ਦਾ ਨਿਜੀ ਲਾਭ ਵੀ ਉਤੇਜਤ ਕਰਦਾ ਹੈ।

ਸਨਅਤ, ਟਰਾਂਸਪੋਰਟ ਤੇ ਜ਼ਰਾਇਤ ਵਿਚ ਸ਼ੁਮਾਰੀ ਕਾਮਿਆਂ ਦੀਆਂ ਸਫਾਂ ਸਾਲ ਦੇ ਸਾਲ ਵਧ ਰਹੀਆਂ ਹਨ। ਇਹ ਵਾਧਾ ਸੋਵੀਅਟ ਜਨਤਾ ਦੀ ਦੇਸ਼ ਭਗਤੀ, ਅਮਨ ਲਈ ਪਿਆਰ ਅਤੇ ਉਪਜਾਊ ਮਿਹਨਤ ਦਾ ਸਪਸ਼ਟ ਪ੍ਰਗਟਾਵਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੬੭. ਸੋਵੀਅਟ ਯੂਨੀਅਨ ਵਿਚ ਕਿਹੜੇ ਬੈਂਕ ਹਨ ਅਤੇ ਲੋਕ ਆਪਣੀ ਬੱਚਤ ਕਿਥੇ ਰਖਦੇ ਹਨ ?

ਸੋਵੀਅਟ ਯੂਨੀਅਨ ਵਿਚ ਬੈਂਕ ਸਟੇਟ ਦੀ ਮਾਲਕੀ ਹਨ। ਉਥ ਕੋਈ ਪ੍ਰਾਈਵੇਟ ਬੈਂਕ ਨਹੀਂ ਹਨ।

ਸੋਵੀਅਟ ਸਟੇਟ ਦੇ ਹਥਾਂ ਵਿਚ ਵਿਤ (ਮਾਲ) ਅਤੇ ਰਿਣ ਦਾ ਹੋਣਾ ਕੌਮੀ-ਆਰਥਕਤਾ ਤੇ ਸਭਿਆਚਾਰ ਦੀ ਤਰੱਕੀ ਦਾ ਇਕ ਅਹਿਮ ਹਥਿਆਰ ਹੈ। ਬੈਂਕਾਂ ਰਾਹੀਂ, ਸਟੇਟ ਅਡ ਅਡ ਕਾਰਖਾਨਿਆਂ, ਅਦਾਰਿਆਂ ਅਤੇ ਸਮੁਚੇ ਰੂਪ ਵਿਚ ਆਰਥਕਤਾ ਉਤੇ ਮਾਲੀ ਕੰਟਰੋਲ ਰਖਦੀ ਹੈ।

ਸ਼੍ਰੋਮਣੀ ਸੋਵੀਅਤ ਬੈਂਕ, ਸੋਵੀਅਟ ਯੂਨੀਅਨ ਦਾ ਸਟੇਟ ਬੈਂਕ ਹੈ। ਸਭ ਰਾਜ-ਅਦਾਰੇ, ਕੋਅਪ੍ਰੇਟਿਵਾਂ, ਲੋਕ ਸੰਸਥਾਵਾਂ ਤੇ ਜਥੇਬੰਦੀਆਂ, ਫੈਕਟਰੀਆਂ ਤੇ ਦਫਤਰ ਸਟੇਟ ਬੈਂਕ ਵਿਚ ਚਾਲੂ ਲੇਖਾ ਰਖਦੇ ਹਨ, ਜਿਸ ਦੁਆਰਾ ਉਹਨਾਂ ਦਾ ਪ੍ਰਸਪਰ ਹਿਸਾਬ ਕਿਤਾਬ ਸਾਫ਼ ਕੀਤਾ ਜਾਂਦਾ ਹੈ। ਸਟੇਟ ਬੈਂਕ, ਸਰਕਾਰੀ ਬਜਟ ਦੀ ਆਮਦਨੀ–ਮੁਨਾਫ਼ਾ ਟੈਕਸ ਤੇ ਇੰਕਮ ਟੈਕਸ ਦਾ ਵੀ ਲੇਖਾ ਪੱਤਾ ਕਰਦਾ ਹੈ।

ਸਟੇਟ ਬੈਂਕ ਕਾਰਖਾਨਿਆਂ, ਅਦਾਰਿਆਂ ਤੇ ਵਿਤ-ਸੰਸਥਾਵਾਂ ਨੂੰ ਥੋੜ੍ਹ-ਚਿਰੇ ਕਰਜ਼ੇ ਵੀ ਦੇਂਦਾ ਹੈ, ਜਿਨ੍ਹਾਂ ਲਈ ਫੰਡ ਸਰਕਾਰੀ ਬਜਟ ਵਿਚ ਮਨਜ਼ੂਰ ਹੋਏ ਹੁੰਦੇ ਹਨ ।

ਸਟੇਟ ਬੈਂਕ ਦੀਆਂ ਸ਼ਾਖਾਂ ਸਭ ਰੀਪਬਲਿਕਾਂ, ਇਲਾਕਿਆਂ, ਪ੍ਰਦੇਸਾਂ, ਸ਼ਹਿਰਾਂ ਤੇ ਜ਼ਿਲਾ-ਕੇਂਦਰਾਂ ਵਿਚ ਹੁੰਦੀਆਂ ਹਨ।

ਬਦੇਸ਼ੀ ਵਪਾਰ ਸੰਬੰਧੀ ਲੈਣ ਦੇਣ ਇਕ ਖਾਸ ਬੈਂਕ, ਸੋਵੀਅਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਨੀਅਨ ਦੇ ਬਦੇਸ਼ੀ ਟ੍ਰੇਡ ਬੈਂਕ ਰਾਹੀਂ ਹੁੰਦਾ ਹੈ।

ਸੋਵੀਅਟ ਯੂਨੀਅਨ ਵਿਚ ਚਾਰ ਬੈਂਕ ਲੰਮੇਂ ਸਮੇਂ ਲਈ ਕਰਜ਼ੇ ਦੇਣ ਵਾਲੇ ਵੀ ਹਨ—ਸਨਅਤੀ ਬੈਂਕ, ਟ੍ਰੇਡ ਬੈਂਕ, ਕੇਂਦਰੀ ਜ਼ਰਾਇਤੀ ਬੈਂਕ, ਅਤੇ ਮਿਉਂਸਪਲ ਆਰਥਕਤਾ ਤੇ ਮਕਾਨ-ਉਸਾਰੀ ਲਈ ਸੈਂਟਰਲ ਬੈਂਕ।

ਇਹ ਬੈਂਕ ਸਨਅਤੀ ਉਸਾਰੀ ਲਈ ਪੂੰਜੀ ਦੇਂਦੇ ਹਨ ਅਤੇ ਕੌਮੀ ਆਰਥਕਤਾ ਦੀਆਂ ਵਖ ਵਖ ਸ਼ਾਖਾਂ ਦੇ ਪ੍ਰਸਪਰ ਹਿਸਾਬ ਕਿਤਾਬ ਸਾਫ਼ ਕਰਦੇ ਹਨ।

ਲੋਕ ਆਪਣੀ ਬਚਤ ਦਾ ਪੈਸਾ ਸਟੇਟ ਸੇਵਿੰਗ ਬੈਂਕਾਂ ਵਿਚ ਰਖਦੇ ਹਨ।

ਸੇਵਿੰਗ ਬੈਂਕ ਸਭ ਸ਼ਹਿਰਾਂ, ਕਸਬਿਆਂ, ਜ਼ਿਲਾ-ਸੈਂਟਰਾਂ ਅਤੇ ਸਨਅਤੀ ਬਸਤੀਆਂ ਵਿਚ ਖੁਲ੍ਹੇ ਹੋਏ ਹਨ।

ਸੇਵਿੰਗ ਬੈਂਕਾਂ ਵਿਚ ਪੈਸਾ ਜਮ੍ਹਾ ਕਰਵਾਣ ਵਾਲਿਆਂ ਦੀ ਗਿਣਤੀ ਵਿਚ ਹਰ ਵਰ੍ਹੇ ਕਈ ਲਖਾਂ ਦਾ ਵਾਧਾ ਹੁੰਦਾ ਹੈ। ਇਹ ਗਲ ਲੋਕਾਂ ਦੀ ਨਿਤ ਵਧਦੀ ਖੁਸ਼ਹਾਲੀ ਦਾ ਸਬੂਤ ਹੈ।

੧੯੫੩ ਵਿਚ, ਸੇਵਿੰਗਜ਼ ਬੈਂਕਾਂ ਵਿਚ ਜਮ੍ਹਾ ਕਰਵਾਂਈਆਂ ਰਕਮਾਂ ਵਿਚ ੧੯੫੨ ਦੇ ਟਾਕਰੇ ਤੇ ਬਾਰਾਂ ਸੌ ਕਰੋੜ ਰੂਬਲ ਦਾ ਵਾਧਾ ਹੋਇਆ।

੬੮. ਸੋਵੀਅਟ ਯੂਨੀਅਨ ਵਿਚ ਘਰੋਗੀ ਕਰਜ਼ੇ ਕੀ ਹਿੱਸਾ ਅਦਾ ਕਰਦੇ ਹਨ?

ਸੋਵੀਅਤ ਯੂਨੀਅਨ ਵਿਚ ਘਰੋਗੀ ਸਟੇਟ-ਕਰਜ਼ੇ ਸੋਸ਼ਲਿਸਟ ਉਸਾਰੀ ਦੀ ਤਰੱਕੀ ਲਈ ਲੋਕਾਂ ਦੇ ਨਕਦੀ-ਵਸੀਲਿਆਂ ਨੂੰ ਇਕੱਠਾ ਕਰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਘਰੋਗੀ-ਕਰਜ਼ੇ ਸੋਵੀਅਟ ਜਨਤਾ ਵਿਚ ਬੜੇ ਲੋਕ-ਪਿਆਰੇ ਹਨ। ਇਹ ਸੱਚੇ ਅਰਥਾਂ ਵਿਚ ਲੋਕ-ਕਰਜ਼ੇ ਹਨ।

ਜੰਗ ਤੋਂ ਪਹਿਲੇ ਪੰਜ-ਸਾਲਾ ਪਲੈਨਾਂ ਦੇ ਸਮੇਂ ਵਿਚ ਜਾਰੀ ਕੀਤੇ ਗਏ ਇਨ੍ਹਾਂ ਕਰਜ਼ਿਆਂ ਦੁਆਰਾ ਪੰਜਾਹ ਅਰਬ ਰੂਬਲ ਇਕੱਠੇ ਹੋਏ। ਇਹ ਪੈਸਾ ਫੈਕਟਰੀਆਂ, ਮਿੱਲਾਂ, ਸਕੂਲਾਂ, ਥੀਏਟਰਾਂ, ਕਲੱਬਾਂ, ਹਸਪਤਾਲਾਂ, ਕਿੰਡਰਗਾਰਟਨਾਂ ਤੇ ਕਰੈਸ਼ਾਂ ਦੀ ਉਸਾਰੀ ਵਿਚ ਲਾਇਆ ਗਿਆ।

ਮਹਾਨ ਦੇਸ਼ ਭਗਤਕ ਜੰਗ ਸਮੇਂ ਸੋਵੀਅਟ ਲੋਕਾਂ ਨੇ ਆਪਣੀ ਕਮਾਈ ਵਿਚੋਂ ੧੬੦੦ ਕਰੋੜ ਰੂਬਲ ਕਰਜ਼ੇ ਵਜੋਂ ਦਿਤੇ। ਸੋਵੀਅਟ ਸਟੇਟ ਦੀ ਫ਼ੌਜੀ ਤੇ ਆਰਥਕ ਸ਼ਕਤੀ ਮਜ਼ਬੂਤ ਕਰਨ ਲਈ ਇਹ ਇਕ ਨਿਗਰ ਹਿੱਸਾ ਸੀ।

ਜੰਗ-ਮਗਰਲੇ ੧੯੪੬ ਤੋਂ ੧੯੫੩ ਤਕ ਦੇ ਸਾਲਾਂ ਵਿਚ ਇਨ੍ਹਾਂ ਕਰਜ਼ਿਆਂ ਵਿਚ ੧੪੫ ਅਰਬ ਰੂਬਲ ਦਿਤੇ ਗਏ।

ਸੋਵੀਅਟ ਕਰਜ਼ੇ ਕਰਜ਼-ਦਾਤਿਆਂ ਨੂੰ ਉਹਨਾਂ ਦੇ ਕਰਜ਼-ਪਤਰਾਂ ਉਤੇ ਸੂਦ ਦੀ ਸ਼ਕਲ ਵਿਚ ਸਿੱਧੀ ਆਮਦਨੀ ਦੇਂਦੇ ਹਨ। ਜੰਗ ਮਗਰਲੀ ਪਹਿਲੀ ਪੰਜ-ਸਾਲਾ ਪਲੈਨ ਦੇ ਸਮੇਂ (੧੯੪੬-੫੦) ਸਟੇਟ ਨੇ ਕਰਜ਼ਿਆਂ ਉਤੇ ਸਤਾਰਾਂ ਸੌ ਕਰੋੜ ਰੂਬਲ ਸੂਦ ਵਜੋਂ ਦਿਤੇ। ੧੯੫੩ ਵਿਚ ਜਨਤਾ ਨੂੰ ਕਰਜ਼ੇ ਉਤੇ ਸੂਦ ਵਜੋਂ ੯੮੦ ਕਰੋੜ ਰੂਬਲ ਮਿਲੇ।

੬੯. ਸੋਵੀਅਟ ਯੂਨੀਅਨ ਵਿਚ ਵਪਾਰ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ?

ਸੋਵੀਅਟ ਯੂਨੀਅਨ ਵਿਚ ਵਪਾਰ ਬਿਨਾਂ ਵਪਾਰੀਆਂ ਤੇ ਸਿੱਟੇਬਾਜ਼ਾਂ ਦੇ ਹੁੰਦਾ ਹੈ। ਇਥੇ ਵਪਾਰ ਦਾ ਕੰਮ ਸਰਕਾਰੀ ਤੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੋ-ਆਪ੍ਰੇਟਿਵ ਸੰਸਥਾਵਾਂ ਕਰਦੀਆਂ ਹਨ ਜਿਨ੍ਹਾਂ ਨੇ ਦੁਕਾਨਾਂ, ਸਟਾਲਾਂ ਰੈਸਟੋਰੈਂਟਾਂ ਅਤੇ ਲੋਕਾਂ ਦੇ ਖਾਣ ਪੀਣ ਦੀਆਂ ਵਸਤਾਂ ਦੀਆਂ ਦੁਕਾਨਾਂ ਦਾ ਜਾਲ ਤਣਿਆ ਹੋਇਆ ਹੈ । ਸਟੇਟ-ਸਨਅਤਾਂ ਇਨ੍ਹਾਂ ਸੰਸਥਾਵਾਂ ਨੂੰ ਖੁਰਾਕ ਦਾ ਤੇ ਦੂਜਾ ਤਿਆਰ ਮਾਲ ਥੋਕ ਕੀਮਤਾਂ ਉਪਰ ਇਕ ਤਜਵੀਜ਼ ਅਨੁਸਾਰ ਸਪਲਾਈ ਕਰਦੀਆਂ ਹਨ ਤਾਂ ਜੋ ਇਹ ਪਰਚੂਨ ਸੌਦਾ ਵੇਚ ਸਕਣ । ਇਹ ਸੰਸਥਾਵਾਂ ਪਰੋਡਿਊਸਰਜ਼ ਕੋ-ਆਪ੍ਰੇਟਿਵਾਂ ਦਾ ਤਿਆਰ ਕੀਤਾ ਮਾਲ ਅਤੇ ਵਪਾਰ-ਸੰਸਥਾਵਾਂ ਵਲੋਂ ਆਪ ਠੇਕੇ ਤੇ ਤਿਆਰ ਕਰਵਾਇਆ ਮਾਲ ਵੀ ਵੇਚਦੀਆਂ ਹਨ ।

ਸਟੇਟ ਮਿਆਰੀ ਪਰਚੂਨ ਕੀਮਤਾਂ ਵੀ ਮੁਕੱਰਰ ਕਰਦੀ ਹੈ ।

ਪੈਦਾਵਾਰ ਦੇ ਇਕ ਸਾਰ ਵਾਧੇ ਤੇ ਫੈਲਾਅ ਅਤੇ ਜਨਤਾ ਦੀ ਆਮਦਨੀ ਵਿਚ ਲਗਾਤਾਰ ਵਾਧੇ ਦੇ ਕਾਰਨ ਵਿਕਰੀ ਵਿਚ ਸਾਲ ਦੇ ਸਾਲ ਵਾਧਾ ਹੁੰਦਾ ਰਹਿੰਦਾ ਹੈ । ਜੰਗ ਤੋਂ ਪਹਿਲੇ ਪੰਜ-ਸਾਲਾ ਪਲੈਨਾਂ ਦੇ ਦੌਰ (੧੯੨੮–੧੯੪੦) ਵਿਚ ਸਰਕਾਰੀ ਤੇ ਕੋ-ਆਪ੍ਰੇਟਿਵ ਦੁਕਾਨਾਂ ਤੇ ਹੋਈ ਪਰਚੂਨ ਵਿਕਰੀ, ਨਿਯਤ ਕੀਮਤਾਂ ਵਿਚ, ੪·੬ (ਲਗ ਪਗ ਸਾਢੇ ਚਾਰ ਗੁਣਾ) ਵਧ ਗਈ । ਜੰਗ-ਮਗਰਲੇ ਵਰ੍ਹਿਆਂ ਵਿਚ ਇਸ ਵਿਚ ਹੋਰ ਬਹੁਤ ਵਾਧਾ ਹੋਇਆ ਹੈ ਤੇ ੧੯੫੪ ਵਿਚ ਜੰਗ ਤੋਂ ਪਹਿਲੀ ਪਧਰ ਦੇ ਟਾਕਰੇ ਤੇ ਇਸ ਵਿਚ ੧੦੦ ਫੀ ਸਦੀ ਵਾਧਾ ਹੋ ਜਾਵੇਗਾ ।

ਸਰਕਾਰੀ ਤੇ ਕੋਆਪ੍ਰੇਟਿਵ ਦੁਕਾਨਾਂ ਤੇ ਵਿਕਣ ਤੋਂ ਇਲਾਵਾ ਸਾਂਝੇ ਫਾਰਮਾਂ ਦੀ ਪੈਦਾਵਾਰ ਸ਼ਹਿਰਾਂ ਵਿਚ ਸਾਂਝੇ ਫਾਰਮਾਂ ਦੀਆਂ ਮੰਡੀਆਂ ਵਿਚ ਵੀ ਵੇਚੀ ਜਾਂਦੀ ਹੈ, ਜਿਥੇ ਕਿ ਸਾਂਝੇ ਫਾਰਮ, ਸਾਂਝੇ ਕਿਸਾਨ ਤੇ ਇਕੱਲੇ ਕਿਸਾਨ ਆਪਣੀ ਵਾਧੂ ਉਪਜ ਵਿਕਰੀ ਲਈ ਲਿਆਉਂਦੇ ਹਨ । ਸਾਂਝੇ ਫਾਰਮਾਂ ਦਾ ਵਪਾਰ ਵਸੋਂ ਲਈ ਸਪਲਾਈ ਦਾ ਇਕ ਹੋਰ ਵਸੀਲਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੭੦. ਸੋਵੀਅਟ ਯੂਨੀਅਨ ਵਿਚ ਕਿਸ ਤਰ੍ਹਾਂ ਦੇ ਕੋ-ਅਪ੍ਰੇਟਿਵ ਹਨ ਤੇ ਉਹ ਕਿਵੇਂ ਕੰਮ ਕਰਦੇ ਹਨ ?

ਸੋਵੀਅਟ ਯੂਨੀਅਨ ਵਿਚ ਦੋ ਪ੍ਰਕਾਰ ਦੇ ਕੋਆਪ੍ਰੇਟਿਵ ਹਨ : ਗਾਹਕਾਂ ਦੇ ਅਤੇ ਸਨਅਤੀ (ਪੈਦਾ ਕਰਨ ਵਾਲਿਆਂ ਦੇ)।

ਗਾਹਕਾਂ ਦੀਆਂ ਕੋ-ਆਪ੍ਰੇਟਿਵ ਸੋਸਾਇਟੀਆਂ ਦੇਹਾਤੀ ਇਲਾਕਿਆਂ ਵਿਚ ਕੰਮ ਕਰਦੀਆਂ ਵਪਾਰਕ ਸੰਸਥਾਵਾਂ ਹਨ। ਇਹ ਆਮ ਜਨਤਕ ਜਥੇਬੰਦੀਆਂ ਹਨ, ਜਿਨ੍ਹਾਂ ਦੇ ਤਿੰਨ ਕਰੋੜ ੨੦ ਲੱਖ ਮੈਂਬਰ ਹਨ, ਤੇ ਇਨ੍ਹਾਂ ਦਾ ਇੰਤਜ਼ਾਮ ਚੁਣੇ ਹੋਏ ਪ੍ਰਬੰਧ-ਬੋਰਡ ਕਰਦੇ ਹਨ। ਗਾਹਕਾਂ ਦੀਆਂ ਕੋ-ਆਪ੍ਰੇਟਿਵ ਸੋਸਾਇਟੀਆਂ ਹਰ ਰੀਪਬਲਿਕ, ਇਲਾਕੇ ਦੇ ਪ੍ਰਦੇਸ਼ ਲਈ ਫੈਡਰੇਸ਼ਨਾਂ ਵਿਚ ਸੰਗਠਤ ਹਨ।

ਇਸ ਲਹਿਰ ਦਾ ਸਭ ਤੋਂ ਮੁਖ ਅੰਗ ਇਹਦੀ ਡੈਲੀਗੇਟ ਕਾਂਗਰਸ ਹੈ। ਇਹ ਕਾਂਗਰਸ ਸੈਂਟਰੋਸੋਊਜ਼ (ਸੋਵੀਅਟ ਯੂਨੀਅਨ ਦੀਆਂ ਕੋ-ਆਪ੍ਰੇਟਿਵ ਸੋਸਾਇਟੀਆਂ ਦੀ ਕੇਂਦਰੀ ਯੂਨੀਅਨ) ਦੀ ਕੌਂਸਲ, ਸੈਂਟਰੋਸੋਊਜ਼ ਦੇ ਡਾਇਰੈਕਟਰਾਂ ਦਾ ਬੋਰਡ ਅਤੇ ਹਿਸਾਬ ਕਿਤਾਬ ਦੇ ਪੜਤਾਲੀਆ ਕਮਿਸ਼ਨ ਨੂੰ ਚੁਣਦੀ ਹੈ। ਇਹਨਾਂ ਸਭਨਾਂ ਦੀ ਮਿਆਦ ਚਾਰ ਵਰ੍ਹੇ ਹੁੰਦੀ ਹੈ।

ਸਟੇਟ ਇਨ੍ਹਾਂ ਕੋ-ਆਪ੍ਰੇਟਿਵ ਨੂੰ ਇਕ ਤਜਵੀਜ਼ ਅਨੁਸਾਰ ਪਰਚੂਨ ਵਿਕਰੀ ਲਈ ਤਿਆਰ ਮਾਲ ਸਪਲਾਈ ਕਰਦੀ ਹੈ। ਇਸ ਤੋਂ ਇਲਾਵਾ, ਕੋਆਪ੍ਰੇਟਿਵ ਆਪ ਵੀ ਬਹੁਤ ਸਾਰੀਆਂ ਚੀਜ਼ਾਂ ਵਸਤਾਂ ਖਰੀਦਦੇ ਹਨ। ਉਹ ਜ਼ਰਾਇਤੀ ਕੱਚੇ-ਮਾਲ ਨਾਲ ਸੰਬੰਧਤ ਛੋਟੇ ਮੋਟੇ ਕਲ ਕਾਰਖਾਨੇ ਵੀ ਚਲਾਂਦੇ ਹਨ ਅਤੇ ਕੁਝ ਖਪਤ ਦਾ ਮਾਲ ਵੀ ਤਿਆਰ ਕਰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਹਕਾਂ ਦੀਆਂ ਕੋਆਪ੍ਰੇਟਿਵ ਸੋਸਾਇਟੀਆਂ ਨੇ ਵਪਾਰ-ਸਬੰਧੀ ਕੰਮ ਦਾ ਇਕ ਵਿਸ਼ਾਲ ਤਾਣਾ ਤਣਿਆ ਹੁੰਦਾ ਹੈ। ਇਸ ਤਾਣੇ ਬਾਣੇ ਵਿਚ ਕੁਲ ੨੨੬,੦੦੦ ਪਰਚੂਨ-ਸਟੋਰ ਤੇ ਦੁਕਾਨਾਂ, ਅਤੇ ਹਜ਼ਾਰਾਂ ਹੀ ਕੈਨਟੀਨਾਂ, ਚਾਹ ਖਾਨੇ, ਨਿਕਾ ਮੋਟਾ ਖਾਣ ਪੀਣ ਦੇ ਘਰ ਅਤੇ ਰੈਸਟੋਰੈਂਟ ਹਨ।

ਸੈਂਟਰੋਸੋਊਜ਼ ਕੋਮਾਂਤਰੀ ਕੋ-ਆਪ੍ਰੇਟਿਵ ਅਲਾਇੰਸ ਨਾਲ ਸੰਬੰਧਤ ਹੈ, ਤੇ ਇਹ ਉਹਦਾ ਸਭ ਤੋਂ ਵਡਾ ਅੰਗ ਹੈ।

ਸਨਅਤੀ (ਪਰੋਡਿਊਜ਼ਰਜ਼) ਕੋਆਪ੍ਰੇਟਿਵ ਅਨੇਕ ਪ੍ਰਕਾਰ ਦਾ ਮਾਲ ਬਨਾਣ ਵਾਲੇ ਦਸਤਕਾਰਾਂ ਦੀਆਂ ਸੰਸਥਾਵਾਂ ਹਨ। ਇਹਨਾਂ ਕੋਲ ਬੇਅੰਤ ਕਾਰਖਾਨੇ ਤੇ ਵਰਕਸ਼ਾਪਾਂ ਅਤੇ ਆਪਣੇ ਸਟੋਰ ਹਨ। ਇਨ੍ਹਾਂ ਕੋਆਪ੍ਰੇਟਿਵਾਂ ਦੇ ਪ੍ਰਬੰਧ-ਬੋਰਡਾਂ ਨੂੰ ਇਨ੍ਹਾਂ ਦੇ ਮੈਂਬਰ ਚੁਣਦੇ ਹਨ।

ਸਟੇਟ ਸੋਵੀਅਟ ਕੋ-ਆਪ੍ਰੇਟਿਵ ਸੰਸਥਾਵਾਂ ਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਂਦੀ ਹੈ।

੭੧. ਸੋਵੀਅਟ ਯੂਨੀਅਨ ਵਿਚ ਕੀਮਤਾਂ ਕੌਣ ਮੁਕਰਰ ਕਰਦਾ ਹੈ?

ਸੋਵੀਅਟ ਯੂਨੀਅਨ ਵਿਚ ਸਟੇਟ ਪਲੈਨਿੰਗ ਅਧਿਕਾਰੀ ਹਕੂਮਤ ਦੀ ਪਰਵਾਨਗੀ ਨਾਲ ਕੀਮਤਾਂ ਮੁਕਰਰ ਕਰਦੇ ਹਨ।

ਖ਼ੁਰਾਕ ਤੋਂ ਛੁਟ ਬਾਕੀ ਬਹੁਤੀਆਂ ਮਹਤ੍ਵ-ਪੂਰਨ ਵਸਤਾਂ ਲਈ ਦੇਸ਼ ਭਰ ਵਿਚ ਸਰਕਾਰੀ ਕੀਮਤਾਂ ਇਕਸਾਰ ਹਨ। ਬਹੁਤੀਆਂ ਅਹਿਮ ਖ਼ੁਰਾਕੀ ਚੀਜ਼ਾਂ ਦੀਆਂ ਕੀਮਤਾਂ ਇਲਾਕੇ-ਵਾਰ ਵਖੋ ਵਖ ਹਨ। ਇਸ ਮਤਲਬ ਲਈ ਦੇਸ਼ ਨੂੰ ਕਈ ਹਿਸਿਆਂ ਵਿਚ ਵੰਡ ਦਿਤਾ ਗਿਆ ਹੈ, ਅਤੇ ਵਖ ਵਖ ਹਿਸਿਆਂ ਲਈ ਖਾਸ ਕੀਮਤਾਂ ਮੁਕਰਰ ਕਰਨ ਵੇਲੇ ਟਰਾਂਸਪੋਰਟ ਅਤੇ ਦੂਜੇ ਉਤਲੇ ਖਰਚਾਂ ਦਾ ਖਿਆਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਖਿਆ ਜਾਂਦਾ ਹੈ।

ਕਿਉਂ ਜੁ ਬਹੁਤਾ ਤਿਆਰ ਮਾਲ ਤੇ ਖ਼ੁਰਾਕ ਦੀਆਂ ਚੀਜ਼ਾਂ ਵਸਤਾਂ ਸਟੇਟ ਦੇ ਹਥ ਵਿਚ ਇਕਠੀਆਂ ਹੋਈਆਂ ਹੋਈਆਂ ਹਨ, ਅਤੇ ਇਨ੍ਹਾਂ ਦੀ ਵੰਡ ਸਰਕਾਰੀ ਤੇ ਕੋਆਪ੍ਰੇਟਿਵ ਵਪਾਰੀ ਸੰਸਥਾਵਾਂ ਕਰਦੀਆਂ ਹਨ, ਇਸ ਲਈ ਇਕਸਾਰ ਕੀਮਤਾਂ ਮੁਕਰਰ ਕਰਨ ਵਿਚ ਕੋਈ ਰੋਕ ਨਹੀਂ ਹੈ। ਸਿੱਟੇ ਬਾਜ਼ੀ ਦੇ ਕਾਰਨ ਕੀਮਤਾਂ ਦੇ ਹੇਠ-ਉਤੇ ਹੋਣ ਤੇ ਅਸਮਾਨੇ ਚੜ੍ਹਨ ਦੇ ਅਮਲ ਤੋਂ ਸੋਵੀਅਟ ਆਰਥਕਤਾ ਬਿਲਕੁਲ ਹੀ ਆਜ਼ਾਦ ਹੈ।

ਕੋਆਪ੍ਰੇਟਿਵ ਸੋਸਾਇਟੀਆਂ ਦੇ ਤਿਆਰ ਕੀਤੇ ਮਾਲ ਦੀਆਂ ਕੀਮਤਾਂ ਉਹ ਆਪ ਹੀ, ਲਗ ਪਗ ਸਰਕਾਰੀ ਕੀਮਤਾਂ ਦੀ ਪਧਰ ਤੇ ਹੀ, ਮੁਕਰਰ ਕਰਦੀਆਂ ਹਨ।

ਸਾਂਝੇ ਫਾਰਮਾਂ ਦੀਆਂ ਮੰਡੀਆਂ ਵਿਚ ਪਰਚੂਨ ਕੀਮਤਾਂ ਸਪਲਾਈ ਤੇ ਮੰਗ ਦੇ ਨਿਯਮ ਅਨੁਸਾਰ ਨਿਯਤ ਹੁੰਦੀਆਂ ਹਨ। ਪਰ ਕਿਉਂ ਜੁ ਸਰਕਾਰੀ ਤੇ ਕੋਆਪ੍ਰੇਟਿਵ ਦੁਕਾਨਾਂ ਨੇੜੇ ਹੀ ਇਕਸਾਰ ਸਰਕਾਰੀ ਕੀਮਤਾਂ ਤੇ ਮਾਲ ਵੇਚ ਰਹੀਆਂ ਹੁੰਦੀਆਂ ਹਨ ਇਸ ਲਈ ਸਾਂਝੇ ਕਿਸਾਨਾਂ ਨੂੰ ਵੀ ਉਨ੍ਹਾਂ ਹੀ ਜਾਂ ਉਨ੍ਹਾਂ ਤੋਂ ਘਟ ਕੀਮਤਾਂ ਤੇ ਆਪਣੀਆਂ ਚੀਜ਼ਾਂ ਵੇਚਣੀਆਂ ਪੈਂਦੀਆਂ ਹਨ। ਇਸ ਪ੍ਰਕਾਰ ਸੋਵੀਅਤ ਸਟੇਟ ਸਾਂਝੇ ਫਾਰਮਾਂ ਦੀਆਂ ਮੰਡੀਆਂ ਵਿਚ ਕੀਮਤਾਂ ਨੂੰ ਕੰਟਰੋਲ ਕਰਨ ਦੇ ਆਰਥਕ ਵਸੀਲੇ ਵਰਤਦੀ ਹੈ।

੭੨. ਸੋਵੀਅਟ ਯੂਨੀਅਨ ਵਿਚ ਕਿਹੜੇ ਵਿਗਿਆਨਕ ਅਦਾਰੇ ਹਨ?

ਸੋਵੀਅਟ ਸਰਕਾਰ ਹੇਠ ਵਿਗਿਆਨ (ਸਾਇੰਸ) ਦੀ ਹਰ ਖੇਤਰ ਵਿਚ ਉਨਤੀ ਦਾ ਟਾਕਰਾ ਨਹੀਂ ਕੀਤਾ ਜਾ ਸਕਦਾ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸਾਇੰਸ ਅਕੈਡਮੀ ਹੈ ਜਿਹੜੀ ੧੭੨੫ ਵਿਚ ਕਾਇਮ ਹੋਈ ਸੀ। ਅਕਤੂਬਰ ਇਨਕਲਾਬ ਤੋਂ ਪਹਿਲਾਂ ਇਹਦੀਆਂ ਸਿਰਫ ਪੰਜ ਲੈਬਾਰਟਰੀਆਂ (ਪਰਯੋਗ ਸ਼ਾਲਾਵਾਂ) ਪੁਲਕੋਵੋ, ਆਬਜ਼ਰਵੇਟਰੀ, ਮੁਖ ਫਿਜ਼ੀਕਲ ਆਬਜ਼ਰਵੇਟਰੀ ਅਤੇ ਕੁਝ ਅਜਾਇਬ ਘਰ ਤੇ ਪੁਰਾਣੀਆਂ ਲਿਖਤਾਂ ਦੇ ਉਲੇਖ-ਘਰ ਸਨ।

ਅਕਤੂਬਰ ਇਨਕਲਾਬ ਪਿਛੋਂ ਅਕੈਡਮੀ ਵਿਗਿਆਨਕ-ਖੋਜ-ਅਦਾਰਿਆਂ ਦੀ ਇਕ ਵਿਸ਼ਾਲ ਐਸੋਸੀਏਸ਼ਨ ਬਣ ਗਈ ਹੈ। ਅਜ ਇਸ ਦੇ ਅਧੀਨ ਸੌ ਤੋਂ ਉਪਰ ਖੋਜ-ਸੰਸਥਾਵਾਂ ਹਨ ਜੋ ਪਦਾਰਥ ਵਿਗਿਆਨ (ਫਿਜ਼ਿਕਸ) ਤੇ ਹਿਸਾਬ, ਰਸਾਇਣ ਵਿਗਿਆਨ (ਕੈਮਿਸਟਰੀ), ਧਰਤੀ ਵਿਗਿਆਨ ਤੇ ਭੂਗੋਲ, ਬਨਸਪਤੀ ਵਿਗਿਆਨ, ਟੈਕਨਾਲੋਜੀ, ਇਤਿਹਾਸ, ਫਿਲਾਸਫੀ, ਆਰਥਕਤਾ, ਕਾਨੂੰਨ, ਸਾਹਿਤ ਤੇ ਜ਼ਬਾਨਾਂ ਵਿਚ ਖੋਜ ਦਾ ਕੰਮ ਕਰਦੀਆਂ ਹਨ।

੧੨ ਯੂਨੀਅਨ ਰੀਪਬਲਿਕਾਂ ਦੀਆਂ ਆਪਣੀਆਂ ਸਾਇੰਸਾਂ ਦੀਆਂ ਅਕੈਡਮੀਆਂ ਹਨ—ਯੂਕਰੇਨ, ਬਾਇਲੋਰੂਸ, ਜਾਰਜੀਆ, ਲਿਥੂਨੀਆ, ਉਜ਼ਬਕਸਤਾਨ, ਆਰਮੀਨੀਆ, ਆਜ਼ਰਬਾਈਜਾਨ, ਕਾਜ਼ਕਸਤਾਨ, ਲਟਵੀਆ, ਅਸਤੋਨੀਆ, ਤਾਜਕਸਤਾਨ ਤੇ ਤੁਰਕਮਾਨੀਆ।

ਇਹਨਾਂ ਅਕੈਡਮੀਆਂ ਦੇ ਆਪਣੇ ਸਾਇੰਸੀ ਖੋਜ ਅਦਾਰੇ ਵੀ ਹਨ।

ਸੋਵੀਅਟ ਯੂਨੀਅਨ ਦੀ ਸਾਇੰਸਾਂ ਦੀ ਅਕੈਡਮੀ ਦੀਆਂ ਅਨੇਕਾਂ ਯੂਨੀਅਨ ਰੀਪਬਲਿਕਾਂ ਅਤੇ ਰੂਸੀ ਸੋਵੀਅਟ ਸੋਸ਼ਲਿਸਟ ਰੀਪਬਲਿਕ ਦੇ ਪ੍ਰਦੇਸ਼ਾਂ ਵਿਚ ਸ਼ਾਖਾਂ ਹਨ ਜੋ ਸਾਇੰਸੀ ਕੰਮ ਦੇ ਮਹਤ੍ਵ ਪੂਰਨ ਕੇਂਦਰ ਬਣ ਗਈਆਂ ਹਨ ਅਤੇ ਜਿਨ੍ਹਾਂ ਦਾ ਕੌਮੀ ਰੀਪਬਲਿਕਾਂ ਵਿਚ ਸਾਇੰਸੀ ਤਰੱਕੀ ਤੇ ਬੜਾ ਅਸਰ ਪੈਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੀਅਟ ਦੇਸ਼ ਵਿਚ ਕਈ ਵਿਸ਼ੇਸ਼ ਅਕੈਡਮੀਆਂ ਹਨ : ਸੋਵੀਅਟ ਯੂਨੀਅਨ ਦੀਆਂ ਜ਼ਰਾਇਤੀ ਸਾਇੰਸਾਂ ਦੀ ਲੈਨਿਨ ਅਕੈਡਮੀ, ਮੈਡੀਕਲ ਸਾਇੰਸਾਂ ਦੀ ਅਕੈਡਮੀ, ਪੈਡਾਗੋਗੀਕਲ ਸਾਇੰਸਾਂ ਦੀ ਅਕੈਡਮੀ, ਭਵਨ-ਨਿਰਮਾਨ ਕਲਾ ਦੀ ਅਕੈਡਮੀ, ਮਿਊਨਸਪਲ ਆਰਥਕਤਾ ਦੀ ਅਕੈਡਮੀ, ਸੋਵੀਅਟ ਯੂਨੀਅਨ ਦੀ ਕਲਾ ਅਕੈਡਮੀ।

ਸੋਵੀਅਟ ਯੂਨੀਅਨ ਵਿਚ ਬਹੁਤ ਸਾਰੇ ਖੋਜ-ਅਦਾਰੇ, ਸਟੇਸ਼ਨ ਤੇ ਲੈਬਾਰਟਰੀਆਂ ਹਨ ਜੋ ਅਨੇਕ ਵਜ਼ਾਰਤਾਂ ਦੀ ਛਤਰ ਛਾਇਆ ਹੇਠ ਚਲਦੇ ਹਨ। ਇਹ ਨਵੀਨ ਤੋਂ ਨਵੀਨ ਟੈਕਨੀਕਲ ਤੇ ਸਾਇੰਸੀ ਕਾਢ ਤੇ ਦਰਿਆਫ਼ਤ ਦੀ ਸ਼ਨਅਤ ਵਿਚ ਵਰਤੋਂ ਲਈ, ਅਤੇ ਆਮ ਆਰਥਕ ਤੇ ਸਭਿਆਚਾਰਕ ਉੱਨਤੀ ਦਾ ਵਸੀਲਾ ਬਣਦੀਆਂ ਹਨ।

ਸੋਵੀਅਟ ਯੂਨੀਅਨ ਵਿਚ ਅਨੇਕਾਂ ਸਰਬ-ਯੂਨੀਅਨ ਸਾਇੰਸੀ ਸੋਸਾਇਟੀਆਂ ਵੀ ਹਨ। ਇਨ੍ਹਾਂ ਵਿਚ ਸਭ ਤੋਂ ਵਡੀਆਂ ਇਹ ਹਨ : ਜੀਉਗਰਾਫੀਕਲ (ਭੂਗੋਲ) ਸੋਸਾਇਟੀ ਜਿਹੜੀ ੧੮੪੫ ਵਿਚ ਕਾਇਮ ਹੋਈ ਸੀ; ਮੈਂਡੀਲੇਵ ਕੈਮੀਕਲ ਸੋਸਾਇਟੀ, ਕਾਇਮ ਹੋਈ ੧੮੬੮; ਐਨਟੋਮੋਲੋਜੀਕਲ ਸੋਸਾਇਟੀ, ਕਾਇਮ ਹੋਈ ੧੮੬੦, ਫਿਜ਼ੀਆਲੋਜ਼ਿਸਟਾਂ, ਬਾਇਕੈਮਿਸਟਾਂ ਤੇ ਫਾਰਮੇਕੋਲੋਜਿਸਟਾਂ ਦੀ ਸੋਸਾਇਟੀ, ਕਾਇਮ ਹੋਈ ੧੯੧੬; ਐਸਟਰੋਨੋਮੀਕਲ ਸੋਸਾਇਟੀ, ਕਾਇਮ ਹੋਈ ੧੯੩੨; ਸਾਇਲ (ਭੋਂ) ਸਾਇੰਸਦਾਨਾਂ ਦੀ ਸੋਸਾਇਟੀ, ਕਾਇਮ ਹੋਈ ੧੯੩੮, ਆਦਿ।

੭੩. ਕਿਹੜੇ ਅਖ਼ਬਾਰ ਛਾਪੇ ਜਾਂਦੇ ਹਨ ?

ਸੋਵੀਅਟ ਰਾਜ ਵਿਚ ਅਖ਼ਬਾਰਾਂ ਦੀ ਗਿਣਤੀ ਵਿਚ ਕਈ ਗੁਣਾ ਵਾਧਾ ਹੋਇਆ ਹੈ।

ਇਸ ਵੇਲੇ ਸੋਵੀਅਟ ਯੂਨੀਅਨ ਵਿਚ ੭੮੦੦ ਤੋਂ ਬਹੁਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਖ਼ਬਾਰ ਅਤੇ ਰਸਾਲੇ ਵੱਡੀ ਗਿਣਤੀ ਵਿਚ ਛਾਪੇ ਜਾਂਦੇ ਹਨ। ਅਖਬਾਰਾਂ ਦੀ ਰੋਜ਼ਾਨਾ ਵਿਕਰੀ ਦੀ ਔਸਤ ੧੯੫੪ ਵਿਚ ਚਾਰ ਕਰੋੜ ਚਾਲੀ ਲਖ ਸੀ, ੧੯੧੩ ਦੇ ਟਾਕਰੇ ਤੇ ਇਹ ਗਿਣਤੀ ਚੌਦਾਂ ਗੁਣਾ ਸੀ। ਸੋਵੀਅਟ ਯੂਨੀਅਨ ਵਿਚ ਅਜੇਹਾ ਕੋਈ ਜ਼ਿਲ੍ਹਾ ਨਹੀਂ ਹੈ ਜਿਸ ਦਾ ਖੁਦ ਆਪਣਾ ਅਖ਼ਬਾਰ ਨਾ ਹੋਵੇ।

ਮਾਸਕੋ ਵਿਚ ਛਪਦੇ ਕੇਂਦਰੀ ਅਖਬਾਰ ਖਾਸ ਤੌਰ ਤੇ ਪ੍ਰਸਿਧ ਹਨ: "ਪ੍ਰਵਦਾ", ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ, "ਇਜ਼ਵਸਤੀਆ", ਸੋਵੀਅਟ ਯੂਨੀਅਨ ਦੇ ਮਿਹਨਤਕਸ਼ ਲੋਕਾਂ ਦੇ ਡਿਪਟੀਆਂ ਦਾ ਅਖਬਾਰ; "ਟਰੂਡ", ਟ੍ਰੇਡ ਯੂਨੀਅਨਾਂ ਦੀ ਸਰਬ-ਯੂਨੀਅਨ ਕੇਂਦਰੀ ਕਮੇਟੀ ਦਾ ਅਖਬਾਰ; "ਕਰਾਸਨੇਆ ਜ਼ਬਜ਼ਦਾ", ਸੋਵੀਅਟ ਯੂਨੀਅਨ ਦੀ ਡੀਫੈਂਸ ਮਨਿਸਟਰੀ ਦਾ ਅਖਬਾਰ; "ਕੋਮਸੋਮੋਲਸ ਕਾਇਆ ਪ੍ਰਵਦਾ", ਯੰਗ ਕਮਿਊਨਿਸਟ ਲੀਗ ਦੀ ਕੇਂਦਰੀ ਕਮੇਟੀ ਦਾ ਅਖਬਾਰ; "ਲਿਟਰਾਤੁਰਨਾਇਆ ਗਜ਼ਟਾ" (ਲਿਟਰਰੀ ਗਜ਼ਟ), ਸੋਵੀਅਟ ਯੂਨੀਅਨ ਦੇ ਲਿਖਾਰੀਆਂ ਦੀ ਯੂਨੀਅਨ ਦਾ ਅਖਬਾਰ, ਤੇ ਹੋਰ ਬਹੁਤ ਸਾਰੇ।

ਕੇਂਦਰੀ, ਰੀਪਬਲਕੀਅਨ, ਪ੍ਰਦਸ਼ਕ, ਇਲਾਕਾਈ (ਕੌਮੀ ਇਲਾਕਿਆਂ ਵਿਚ) ਅਤੇ ਜ਼ਿਲ੍ਹਾ ਅਖਬਾਰਾਂ ਤੋਂ ਬਿਨਾ ਸਨਅਤੀ ਕਾਰਖਾਨਿਆਂ, ਉਸਾਰੂ ਕਾਰੋਬਾਰਾਂ, ਸਰਕਾਰੀ ਫਾਰਮਾਂ ਤੇ ਉੱਚ ਸਿਖਿਆ ਦੇ ਸਕੂਲਾਂ ਵਲੋਂ ਵੀ ਅਨੇਕਾਂ ਅਖਬਾਰ ਛਾਪੇ ਜਾਂਦੇ ਹਨ।

ਸੋਵੀਅਟ ਯੂਨੀਅਨ ਵਿਚ ਕੋਈ ਜ਼ਾਤੀ-ਮਾਲਕੀ ਦਾ ਅਖਬਾਰ ਜਾਂ ਮੈਗਜ਼ੀਨ ਨਹੀਂ ਹੈ।

ਸਾਰੇ ਅਖਬਾਰ ਤੇ ਮੈਗਜ਼ੀਨਾਂ ਲੋਕ-ਸੰਸਥਾਵਾਂ (ਕਮਿਊਨਿਸਟ, ਟ੍ਰੇਡ ਯੂਨੀਅਨ, ਯੁਵਕ, ਸੋਵੀਅਟਾਂ, ਲਿਖਾਰੀ ਸਭਾ, ਆਦਿ) ਵਲੋਂ ਛਾਪੇ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤੇ ਸਾਰੇ ਅਖਬਾਰ ਵਜ਼ਾਰਤਾਂ ਅਤੇ ਉਹਨਾਂ ਨਾਲ ਸੰਬੰਧਤ ਟ੍ਰੇਡ ਯੂਨੀਅਨਾਂ ਦੀਆਂ ਕੇਂਦਰੀ ਕਮੇਟੀਆਂ ਵਲੋਂ ਸਾਂਝੇ ਛਾਪੇ ਜਾਂਦੇ ਹਨ; ਜਿਵੇਂ ਕਿ "ਓਚੀਤੇਲਸਕਾਇਆ ਗਜ਼ਟਾ" (ਉਸਤਾਦਾਂ ਦਾ ਗਜ਼ਟ) ਜਿਹੜਾ ਯੂਨੀਅਨ ਰੀਪਬਲਿਕਾਂ ਦੀਆਂ ਤਾਲੀਮ ਦੀਆਂ ਵਜ਼ਾਰਤਾਂ ਅਤੇ ਪ੍ਰੈਮਰੀ, ਸਕੰਡਰੀ ਤੇ ਹਾਈ ਸਕੂਲਾਂ ਦੇ ਵਰਕਰਾਂ ਦੀਆਂ ਯੂਨੀਅਨਾਂ ਦੀ ਕੇਂਦਰੀ ਕਮੇਟੀ ਵਲੋਂ ਸਾਂਝਾ ਛਪਦਾ ਹੈ।

ਸੋਵੀਅਟ ਪ੍ਰੈਸ ਮਿਹਨਤਕਸ਼ ਸੋਵੀਅਟ ਜਨਤਾ ਦੀ, ਕਮਿਊਨਿਜ਼ਮ ਦੀ ਉਸਾਰੀ ਵਿਚ ਉਨ੍ਹਾਂ ਦੀ ਸੂਰਬੀਰ ਮਿਹਨਤ ਅਤੇ ਉਨ੍ਹਾਂ ਦੀ ਸਭਿਆਚਾਰਕ ਉਨਤੀ ਦੀ ਸਹੀ ਤਸਵੀਰ ਪੇਸ਼ ਕਰਦੀ ਹੈ। ਇਸ ਵਿਚ ਸੰਸਾਰ-ਮਾਮਲਿਆਂ ਦੀ ਕਾਫੀ ਥਾਂ ਮਿਲਦੀ ਹੈ, ਜਿਸ ਦੁਆਰਾ ਦੁਨੀਆਂ ਭਰ ਦੀਆਂ ਨਸਲਾਂ ਤੇ ਕੌਮਾਂ ਦੇ ਲੋਕਾਂ ਵਿਚਕਾਰ ਅਮਨ ਤੇ ਮਿਤਰਤਾ ਦੇ ਵਿਚਾਰਾਂ ਨੂੰ ਹਰ-ਮਨ-ਪਿਆਰਾ ਬਣਾਇਆ ਜਾਂਦਾ ਹੈ।

ਅਖਬਾਰ ਨਿਡਰ ਹੋ ਕੇ ਬਿਨਾਂ ਕਿਸੇ ਲਿਹਾਜ਼ ਦੇ ਨਿਕੰਮੇ ਅਫ਼ਸਰਾਂ ਤੇ ਨੁਕਤਾਚੀਨੀ ਕਰਦੇ ਹਨ, ਜਿਹੜੇ ਵਿਧਾਨ ਵਿਚ ਵਿਆਖਿਆ ਕੀਤੇ ਸੋਸ਼ਲਿਸਟ ਸਮਾਜ ਦੇ ਕਾਨੂੰਨ ਨੂੰ ਉਲੰਘਦੇ ਹਨ।

ਸੋਵੀਅਟ ਪ੍ਰੈਸ ਲੋਕ-ਪ੍ਰੈਸ ਹੈ। ਇਹ ਲੋਕਾਂ ਦੀ ਹੈ, ਲੋਕਾਂ ਵਲੋਂ ਹੈ ਤੇ ਲੋਕਾਂ ਲਈ ਹੈ।

੭੪. ਸੋਵੀਅਟ ਯੂਨੀਅਨ ਵਿਚ ਕਿਹੜੇ ਪਬਲਿਸ਼ਿੰਗ ਹਾਊਸ ਹਨ, ਤੇ ਕੀ ਉਹ ਅਨੇਕਾਂ ਕਿਤਾਬਾਂ ਛਾਪਦੇ ਹਨ?

ਸੋਵੀਅਟ ਯੂਨੀਅਨ ਵਿਚ ੨੨੦ ਵਡੇ ਪਬਲਿਸ਼ਿੰਗ ਹਾਊਸ ਹਨ। ਇਹਨਾਂ ਚੋਂ ਬਹੁਤੇ ਸਾਹਿਤ ਛਾਪਦੇ ਹਨ ਜਿਸ ਦੇ ਅੰਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਇਹ ਮਜ਼ਮੂਨ ਆਉਂਦੇ ਹਨ : ਕਥਾ-ਸਾਹਿਤ, ਜ਼ਰਾਇਤ ਤੇ ਭੂਗੋਲ ਸਬੰਧੀ ਪੁਸਤਕਾਂ, ਡਾਕਟਰੀ ਸੰਬੰਧੀ ਕਿਤਾਬਾਂ, ਟੈਕਸਟ ਬੁਕਾਂ ਅਤੇ ਟੈਕਨੋਲੋਜੀ ਦੇ ਕਈ ਪਖਾਂ ਤੇ ਪੁਸਤਕਾਂ, ਆਦਿ।

ਸੋਵੀਅਟ ਯੂਨੀਅਨ ਦੀ ਸਾਇੰਸਾਂ ਦੀ ਅਕੈਡੇਮੀ, ਸੋਵੀਅਟ ਲਿਖਾਰੀਆਂ ਦੀ ਸਭਾ, ਟਰੇਡ ਯੂਨੀਅਨ ਦੀ ਸਰਬ-ਯੂਨੀਅਨ ਕੇਂਦਰੀ ਕੌਂਸਲ ਵਲੋਂ ਚਲਾਏ ਜਾ ਰਹੇ ਵਡੇ ਵਡੇ ਆਜ਼ਾਦ ਪਬਲਿਸ਼ਿੰਗ ਹਾਊਸ ਹਨ।

ਯੰਗ ਕਮਿਊਨਿਸਟ ਲੀਗ ਵਲੋਂ ਚਲਾਇਆ ਜਾ ਰਿਹਾ ਮੋਲੋਦਾਇਆ ਪਬਲਿਸ਼ਿੰਗ ਹਾਊਸ ਨੌਜਵਾਨਾਂ ਲਈ ਕਿਤਾਬਾਂ ਛਾਪਦਾ ਹੈ। ਬਾਲ-ਸਾਹਿਤ ਦੇ ਸਟੇਟ ਪਬਲਿਸ਼ਿੰਗ ਹਾਊਸ ਵਲੋਂ ਅਡ ਅਡ ਉਮਰ ਦੇ ਬੱਚਿਆਂ ਲਈ ਪੁਸਤਕਾਂ ਛਾਪੀਆਂ ਜਾਂਦੀਆਂ ਹਨ।

ਹਰ ਇਕ ਰੀਪਬਲਿਕ ਅਤੇ ਬਹੁਤ ਸਾਰੇ ਪ੍ਰਦੇਸ਼ਾਂ ਵਿਚ ਪਬਲਿਸ਼ਿੰਗ ਹਾਊਸ ਹਨ ਜਿਹੜੇ ਸੋਵੀਅਟ ਯੂਨੀਅਨ ਦੀਆਂ ਸਭ ਕੌਮਾਂ ਦੀਆਂ ਜ਼ਬਾਨਾਂ ਵਿਚ ਕਿਤਾਬਾਂ ਛਾਪਦੇ ਹਨ।

ਵਡੇ ਵਡੇ ਕੇਂਦਰੀ ਤੇ ਸਥਾਨਕ ਪਬਲਿਸ਼ਿੰਗ ਹਾਊਸਾਂ ਤੋਂ ਬਿਨਾਂ ਯੂਨੀਵਰਸਟੀਆਂ ਤੇ ਦੂਜੀਆਂ ਉਚ-ਸਿਖਿਆ-ਸੰਸਥਾਵਾਂ, ਸਾਇੰਸੀ ਅਦਾਰਿਆਂ ਤੇ ਸੋਸਾਇਟੀਆਂ ਨਾਲ ਸੰਬੰਧਤ ਅਨੇਕਾਂ ਪਬਲਿਸ਼ਿੰਗ ਹਾਊਸ ਹਨ, ਜਿਹੜੇ ਹਰ ਵਰ੍ਹੇ ਹਜ਼ਾਰਾਂ ਹੀ ਪੁਸਤਕਾਂ ਛਾਪਦੇ ਹਨ।

ਸਾਹਿਤ ਸੋਵੀਅਟ ਯੂਨੀਅਨ ਦੀਆਂ ੧੧੯ ਜ਼ਬਾਨਾਂ ਵਿਚ ਛਪਦਾ ਹੈ। ਸੋਵੀਅਟ ਯੂਨੀਅਨ ਵਿਚ ਵਸਦੀਆਂ ਸਭ ਕੌਮਾਂ, ਕੌਮੀ ਗਰੋਹਾਂ ਤੇ ਕੌਮੀਅਤਾਂ ਦੀਆਂ ਜ਼ਬਾਨਾਂ ਵਿਚ ਕਿਤਾਬਾਂ ਦੇ ਨਾਲ ਹੀ ਸੋਵੀਅਟ ਪਬਲਿਸ਼ਿੰਗ ਹਾਊਸ ਅੰਗ੍ਰੇਜ਼ੀ, ਫਰਾਂਸੀਸੀ, ਜਰਮਨ, ਸਪੇਨੀ ਤੇ ਦੂਜੀਆਂ ਬਦੇਸ਼ੀ ਜ਼ਬਾਨਾਂ ਵਿਚ ਵੀ ਕਿਤਾਬਾਂ ਛਾਪਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੀਅਟ ਯੂਨੀਅਨ ਦੀ ਆਮ ਮਿਹਨਤਕਸ਼ ਜਨਤਾ ਨੂੰ ਕਿਤਾਬਾਂ ਮਿਲ ਰਹੀਆਂ ਹਨ। ਪਿਛਲੇ ੩੬ ਸਾਲਾਂ ਵਿਚ ਸੋਵੀਅਟ ਯੂਨੀਅਨ ਵਿਚ ੧੧੫੩੦ ਲਖ ਕਿਤਾਬਾਂ ਦੀਆਂ ੧੬੦੦ ਕਰੋੜ ਕਾਪੀਆਂ ਛਪੀਆਂ ਹਨ।

ਜਿਥੇ ਜ਼ਾਰਸ਼ਾਹੀ ਰੂਸ ਵਿਚ ਹਰ ਵਰ੍ਹੇ ੧੦ ਆਦਮੀਆਂ ਲਈ ੭ ਕਿਤਾਬਾਂ ਛਪਦੀਆਂ ਸਨ ਉਥੇ ਸੋਵੀਅਟ ਰੂਸ ਵਿਚ ਜੰਗ ਤੋਂ ਪਹਿਲਾਂ ਇਹ ਗਿਣਤੀ ਵਧ ਕੇ ੪੦ ਹੋ ਗਈ ਸੀ। ਕਿਤਾਬਾਂ ਦੀਆਂ ਐਡੀਸ਼ਨਾਂ ਦੀ ਔਸਤ ੧੯੧੩ ਵਿਚ ੩੩੦੦ ਦੇ ਮੁਕਾਬਲੇ ਤੇ ਹੁਣ ੨੦,੦੦੦ ਕਾਪੀਆਂ ਹੈ।

੧੯੫੩ ਵਿਚ ਛਪੀਆਂ ਕਿਤਾਬਾਂ ਦੀਆਂ ਕੁਲ ਕਾਪੀਆਂ ਦੀ ਕੁਲ ਗਿਣਤੀ ੬੬ ਕਰੋੜ ੨੨ ਲਖ ਸੀ। ਇਹ ਗਿਣਤੀ ਜੰਗ ਤੋਂ ਪਹਿਲੇ ਵਰ੍ਹੇ ੧੯੪੦ ਦੇ ਟਾਕਰੇ ਤੇ ੨੧੧ ਫੀ ਸਦੀ ਜ਼ਿਆਦਾ ਸੀ।

ਰਾਜਸੀ, ਸਮਾਜਕ ਤੇ ਆਰਥਕ ਸਾਹਿਤ ਛਾਪਣ ਵਲ ਬਹੁਤ ਧਿਆਨ ਦਿਤਾ ਜਾਂਦਾ ਹੈ। ਰਾਜਸੀ ਸਾਹਿਤ ਵਿਚ ਲੋਕਾਂ ਦੀ ਭਾਰੀ ਦਿਲਚਸਪੀ ਇਸ ਗੱਲੋਂ ਪਤਾ ਲਗ ਜਾਵੇਗੀ ਕਿ "ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਦਾ ਇਤਿਹਾਸ (ਬਾਲਸ਼ਵਿਕ)" ਦੀ ਪੁਸਤਕ ਦੀਆਂ ਪਿਛਲੇ ਪੰਦਰਾਂ ਵਰ੍ਹਿਆਂ ਵਿਚ ਚਾਰ ਕਰੋੜ ਕਾਪੀਆਂ ਵਿਕ ਚੁਕੀਆਂ ਹਨ।

ਪਿਛਲੇ ਵਰ੍ਹੇ ਵੀ. ਆਈ ਲੈਨਿਨ ਦੀ ੩੫ ਜਿਲਦਾਂ ਵਿਚ "ਸਮੁਚੀਆਂ ਲਿਖਤਾਂ" ਦੀ ਚੌਥੀ ਐਡੀਸ਼ਨ ਅਤੇ ਜੇ. ਵੀ. ਸਟਾਲਿਨ ਦੀ ੧੩ ਜਿਲਦਾਂ ਵਿਚ "ਸਮੁਚੀਆਂ ਲਿਖਤਾਂ" ਛਪੀਆਂ ਹਨ।

ਕਲਾਸੀਕਲ (ਪੁਰਾਣੇ) ਲਿਖਾਰੀਆਂ ਦੀਆਂ ਰਚਨਾਵਾਂ ਅਤੇ ਵਰਤਮਾਨ ਸੋਵੀਅਟ ਲਿਖਾਰੀਆਂ ਦੇ ਗਲਪ-ਸਾਹਿਤ ਦੀਆਂ ਵਧੀਆ ਪੁਸਤਕਾਂ ਬੜੀਆਂ ਵਡੀਆਂ ਵਡੀਆਂ ਐਡੀਸ਼ਨਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਛਾਪੀਆਂ ਜਾਂਦੀਆਂ ਹਨ।

ਸੋਵੀਅਟ ਰਾਜ ਵਿਚ, ਮਹਾਨ ਰੂਸੀ ਲੇਖਕ ਪੁਸ਼ਕਿਨ ਦੀਆਂ ਰਚਨਾਵਾਂ ਦੀਆਂ ਛੇ ਕਰੋੜ ਕਾਪੀਆਂ ਸੋਵੀਅਟ ਯੂਨੀਅਨ ਦੀਆਂ ੮੦ ਜ਼ਬਾਨਾਂ ਵਿਚ, ਗੋਗੋਲ ਦੀਆਂ ਰਚਨਾਵਾਂ ਦੀਆਂ ਦੋ ਕਰੋੜ ਕਾਪੀਆਂ ੩੮ ਜ਼ਬਾਨਾਂ ਵਿਚ ਛਾਪੀਆਂ ਗਈਆਂ ਹਨ। ਲਿਉ ਟਾਲਸਟਾਏ ਦੀਆਂ ਰਚਨਾਵਾਂ ਦੀਆਂ ਪੰਜ ਕਰੋੜ ਕਾਪੀਆਂ ੭੫ ਜ਼ਬਾਨਾਂ ਵਿਚ ਅਤੇ ਗੋਰਕੀ ਦੀਆਂ ਰਚਨਾਵਾਂ ਦੀਆਂ ੭ ਕਰੋੜ ੨੦ ਲਖ ਕਾਪੀਆਂ ੭੧ ਜ਼ਬਾਨਾਂ ਵਿਚ ਛਪੀਆਂ ਹਨ ਅਤੇ ਪ੍ਰਸਿਧ ਸੋਵੀਅਟ ਨਾਵਲਕਾਰ ਮਿਖੇਲ ਸ਼ੋਲੋਕੋਵ ਦੇ ਨਾਵਲਾਂ ਦੀਆਂ ਇਕ ਕਰੋੜ ੮੦ ਲਖ ਕਾਪੀਆਂ ੫੩ ਜ਼ਬਾਨਾਂ ਵਿਚ ਛਪੀਆਂ ਹਨ।

ਪਿਛਲੇ ਸਾਲ ਸੋਵੀਅਟ ਯੂਨੀਅਨ ਵਿਚ ਗਲਪ-ਸਾਹਿਤ ਦੀਆਂ ੨੨ ਕਰੋੜ ੩੦ ਲਖ ਕਾਪੀਆਂ ਛਪੀਆਂ ਸਨ।

੭੫. ਸੋਵੀਅਟ ਯੂਨੀਅਨ ਵਿਚ ਕਿਨ੍ਹਾਂ ਬਦੇਸ਼ੀ ਲੇਖਕਾਂ ਦੀਆਂ ਪੁਸਤਕਾਂ ਛਪਦੀਆਂ ਹਨ?

ਸੋਵੀਅਟ ਸਰਕਾਰ ਮਨੁਖ ਜਾਤੀ ਦੇ ਸ਼ਰੋਮਣੀ ਲੇਖਕਾਂ ਦੀਆਂ ਉਤਮ ਰਚਨਾਵਾਂ ਨੂੰ ਸਭ ਲੋਕਾਂ ਪਾਸ ਪੁਚਾਉਣ ਲਈ ਪੂਰਾ ਪੂਰਾ ਯਤਨ ਕਰਦੀ ਹੈ। ਡਮੋਕਰੀਟਸ, ਅਰਸਤੂ, ਵਾਲਟੇਅਰ, ਡਿਡੀਰੋ, ਹੈਲਵੇਟੀਅਸ, ਹੋਲਬਾਚ, ਸਪੀਨੋਜ਼ਾ, ਡੈਸਕੇਰਟਸ, ਫਯੂਰਬਾਚ, ਡਾਰਵਿਨ ਨਿਊਟਨ, ਆਈਨਸਟਾਈਨ ਤੇ ਬਹੁਤ ਸਾਰੇ ਹੋਰ ਲੇਖਕਾਂ ਦੀਆਂ ਰਚਨਾਵਾਂ ਸੋਵੀਅਟ ਯੂਨੀਅਨ ਵਿਚ ਲਖਾਂ ਕਾਪੀਆਂ ਦੀਆਂ ਐਡੀਸ਼ਨਾਂ ਵਿਚ ਛਾਪੀਆਂ ਜਾਂਦੀਆਂ ਹਨ।

ਸੋਵੀਅਟ ਯੂਨੀਅਨ ਵਿਚ ਬਦੇਸ਼ੀ ਕਲਾਸੀਕਲ ਪੁਸਤਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੜੀ ਭਾਰੀ ਗਿਣਤੀ ਵਿਚ ਛਪੀਆਂ ਹਨ । ਸੋਵੀਅਟ ਹਕੂਮਤ ਦੀ ਕਾਇਮੀ ਤੋਂ ਲੈ ਕੇ ਅਰਥਾਤ ੧੯੧੭ ਤੋਂ ੧੯੫੨ ਤਕ ੧੫੪੦ ਬਦੇਸ਼ੀ ਲੇਖਕਾਂ ਦੀਆਂ ੧੨,੫੭੦ ਕਿਤਾਬਾਂ ਦੀਆਂ ੨੨ ਕਰੋੜ ੮੦ ਲਖ ਕਾਪੀਆਂ ਛਪੀਆਂ ਹਨ !

ਬਦੇਸ਼ੀ ਲੇਖਕਾਂ ਦੀਆਂ ਅਨੇਕਾਂ ਪੁਸਤਕਾਂ ਦੀਆਂ ਜਿੰਨੀਆਂ ਵਡੀਆਂ ਐਡੀਸ਼ਨਾਂ ਸੋਵੀਅਟ ਰੂਸ ਵਿਚ ਛਪੀਆਂ ਹਨ, ਉਨੀਆਂ ਉਨ੍ਹਾਂ ਦੇ ਆਪਣੇ ਮੁਲਕਾਂ ਵਿਚ ਵੀ ਨਹੀਂ ਛਪੀਆਂ ।

੧੯੧੮ ਤੇ ੧੯੫੨ ਵਿਚਕਾਰ ਵਿਕਟਰ ਹਿਊਗੋ ਦੀਆਂ ਰਚਨਾਵਾਂ ਦੀਆਂ ੭੨,੮੧,੦੦੦ ਕਾਪੀਆਂ ਸੋਵੀਅਟ ਯੂਨੀਅਨ ਦੀਆਂ ੪੪ ਜ਼ਬਾਨਾਂ ਵਿਚ ਛਪੀਆਂ ਹਨ ।

ਗਾਈਡੀ ਮੋਪਸਾਂ ਦੀਆਂ ਪੁਸਤਕਾਂ ਦੀਆਂ ੪੮ ਲਖ ਕਾਪੀਆਂ, ਜ਼ੋਲਾ ਦੀਆਂ ੨੯ ਲਖ ੯੦ ਹਜ਼ਾਰ, ਬਾ ਜ਼ਾਕ ਦੀਆਂ ੩੫ ਲਖ ੩੦ ਹਜ਼ਾਰ, ਅਤੇ ਡਿਕਨਜ਼ ਦੀਆਂ ੩੮ ਲਖ ੭ ਹਜ਼ਾਰ ਕਾਪੀਆਂ ਛਪੀਆਂ ਹਨ ।

ਸ਼ੈਕਸਪੀਅਰ ਦੀਆਂ ਰਚਨਾਵਾਂ ਦੀਆਂ ੨੩ ਲਖ ੫੦ ਹਜ਼ਾਰ ਕਾਪੀਆਂ ੨੫ ਜ਼ਬਾਨਾਂ ਵਿਚ, ਵੈਲਜ਼ ਤੇ ਕਿਪਲਿੰਗ ਦੀਆਂ ਤੀਹ ਤੀਹ ਲਖ, ਅਤੇ ਹੋਰ ਦੀਆਂ ਰਚਨਾਵਾਂ ਦੀਆਂ ੧੪ ਲਖ ਕਾਪੀਆਂ ਛਪੀਆਂ ਹਨ ।

ਸੋਵੀਅਟ ਪਬਲਿਸ਼ਿੰਗ ਹਾਊਸ ਅਮ੍ਰੀਕਾ ਦਾ ਵਧੀਆ ਸਾਹਿਤ ਵੀ ਛਾਪਦੇ ਹਨ । ਜੈਕ ਲੰਡਨ ਦੀਆਂ ਰਚਨਾਵਾਂ ਦੀਆਂ ਇਕ ਕਰੋੜ ੨੦ ਲਖ ਕਾਪੀਆਂ ਸੋਵੀਅਟ ਯੂਨੀਅਨ ਦੀਆਂ ੨੯ ਜ਼ਬਾਨਾਂ ਵਿਚ ਅਤੇ ਮਾਰਕ ਟਵੇਨ ਦੀਆਂ ਰਚਨਾਵਾਂ ਦੀਆਂ ੪੯ ਲਖ ੧੩ ਹਜ਼ਾਰ ਕਾਪੀਆਂ ੨੪ ਜ਼ਬਾਨਾਂ ਵਿਚ ਛਪੀਆਂ ਹਨ । ਪੈਨੀਮੋਰ ਕੂਪਰ, ਸੀਟਨ-ਥਾਮਸਨ, ਸੀ. ਹੈਨਰੀ, ਥੀਉਡੋਰ ਡਰੀਸ਼ਰ, ਹਾਵਰਡ ਫਾਸਟ ਤੇ ਦੂਜੇ ਅਮ੍ਰੀਕਨ ਲੇਖਕਾਂ ਦੀਆਂ ਵੀ ਵਡੀਆਂ ਵਡੀਆਂ ਐਡੀਸ਼ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਛਪੀਆਂ ਹਨ ।

੭੬. ਸੋਵੀਅਟ ਯੂਨੀਅਨ ਵਿਚ ਕਿਹੜੇ ਥੀਏਟਰ ਹਨ ?

ਸੋਵੀਅਟ ਯੂਨੀਅਨ ਵਿਚ ਕਈ ਸੈਂਕੜੇ ਥੀਏਟਰ ਤੇ ਓਪੇਰਾ ਹਾਊਸ ਹਨ ।

ਸੋਵੀਅਟ ਲੋਕ ਜਗਤ-ਪ੍ਰਸਿਧ ਰੂਸੀ ਥੀਏਟਰਾਂ ਤੇ ਮਾਣ ਕਰਦੇ ਹਨ । ਇਨ੍ਹਾਂ ਵਿਚੋਂ ਮੁਖ ਥੀਏਟਰ ਇਹ ਹਨ : ਮਾਸਕੋ ਆਰਟ ਥੀਏਟਰ, ਮਾਸਕੋ ਦਾ ਮੇਲੀ ਥੀਏਟਰ ਅਤੇ ਬੋਲਸ਼ੋਈ ਓਪੇਰਾ ਤੇ ਬੈਲੇ ਥੀਏਟਰ, ਲੈਨਿਨਗਰਾੜ ਵਿਚ ਪੁਸ਼ਕਨ ਥੀਏਟਰ ਅਤੇ ਕੀਰੋਵ ਓਪੇਰਾ ਤੇ ਬੈਲੇ ਥੀਏਟਰ ।

ਅਕਤੂਬਰ ਇਨਕਲਾਬ ਮਗਰੋਂ ਕਾਇਮ ਹੋਏ ਕਈ ਥੀਏਟਰਾਂ ਨੇ ਵੀ ਸੋਵੀਅਟ ਯੂਨੀਅਨ ਵਿਚ ਤੇ ਬਦੇਸ਼ਾਂ ਵਿਚ ਪ੍ਰਸਿਧੀ ਪ੍ਰਾਪਤ ਕੀਤੀ ਹੈ। ਮਾਸਕੋ ਵਿਚ ਸੋਵੀਅਟ ਸੈਨਾ ਦਾ ਵਖਤਾਨਗੋਵ ਥੀਏਟਰ ਅਤੇ ਕੇਂਦਰੀ ਥੀਏਟਰ, ਕੀਵ ਵਿਚ ਫਰੈਂਕੋ ਯੂਕਰੇਨੀਅਨ ਥੀਏਟਰ, ਤਿਬਲਿਸੀ ਵਿਚ ਰੁਸਤ ਹਾਵੇਲੀ ਜਾਰਜੀ ਥੀਏਟਰ ਉਨ੍ਹਾਂ ਵਿਚੋਂ ਕੁਝ ਕੁ ਨਾਂ ਹਨ ।

ਸੋਵੀਅਟ ਹਕੂਮਤ ਹੇਠ ਗ਼ੈਰ-ਰੂਸੀ ਕੌਮੀਅਤਾਂ ਦੇ ਥੀਏਟਰਾਂ ਨੇ ਬੇਮਿਸਾਲ ਤਰੱਕੀ ਕੀਤੀ ਹੈ । ਸੋਵੀਅਟ ਯੂਨੀਅਨ ਵਿਚ ਚਾਲੀ ਜ਼ਬਾਨਾਂ ਵਿਚ ਖੇਡ ਵਿਖਾਏ ਜਾਂਦੇ ਹਨ ।

ਨਾਟਕੀ ਕਲਾ ਉਨ੍ਹਾਂ ਕੌਮਾਂ ਵਿਚ ਵੀ ਉੱਨਤ ਹੋ ਰਹੀ ਹੈ, ਜਿਨ੍ਹਾਂ ਨੂੰ ਅਕਤੂਬਰ ਇਨਕਲਾਬ ਤੋਂ ਪਹਿਲਾਂ ਇਸ ਦਾ ਪਤਾ ਵੀ ਨਹੀਂ ਸੀ । ਮਿਸਾਲ ਲਈ ਉਜ਼ਬਕਸਤਾਨ ਵਿਚ ਇਸ ਵੇਲੇ ੨੬ ਥੀਏਟਰ ਹਨ; ਕਾਜ਼ਕਸਤਾਨ ਵਿਚ ਤੀਹ ਅਤੇ ਕਿਰਗਿਜ਼ੀਆ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵੀਹ ਥੀਏਟਰ ਹਨ । ਕਾਜ਼ਕਸਤਾਨ ਤੇ ਕਿਰਗੀਜ਼ੀਆ ਵਿਚ ਇਨਕਲਾਬ ਤੋਂ ਪਹਿਲਾਂ ਇਕ ਵੀ ਥੀਏਟਰ ਨਹੀਂ ਸੀ।

ਸੋਵੀਅਟ ਯੂਨੀਅਨ ਵਿਚ ਥੀਏਟਰ ਸੱਚੇ ਅਰਥਾਂ ਵਿਚ ਲੋਕਾਂ ਦੀ ਚੀਜ਼ ਹੈ। ਹਰੇਕ ਪ੍ਰਦੇਸ਼ਕ ਕੇਂਦਰ ਵਿਚ ਘਟੋ ਘਟ ਇਕ ਪੱਕਾ ਥੀਏਟਰ ਜ਼ਰੂਰ ਹੈ । ਅਨੇਕਾਂ ਜ਼ਿਲਾ-ਸੈਂਟਰਾਂ ਵਿਚ ਪੱਕੇ ਥੀਏਟਰ ਅਤੇ ਟੂਰਿੰਗ ਕੰਪਨੀਆਂ ਹਨ, ਜਿਹੜੀਆਂ ਦੂਰ ਦੂਰ ਤਕ, ਬਹੁਤਾ ਦੇਹਾਤੀ ਇਲਾਕਿਆਂ ਵਿਚ ਨਾਟਕ ਖੇਡਦੀਆਂ ਹਨ।

ਮਾਸਕੋ, ਲੈਨਿਨਗਰਾਡ, ਆਲਮਾ-ਅਤਾ (ਕਾਜ਼ਕਸਤਾਨ) ਤੇ ਹੋਰ ਬਹੁਤ ਸਾਰੇ ਸ਼ਹਿਰਾਂ ਵਿਚ ਬਚਿਆਂ ਲਈ ਖਾਸ ਥੀਏਟਰ ਹਨ।

੭੭. ਕਿਸ ਪ੍ਰਕਾਰ ਦੇ ਨਾਟਕ, ਓਪੇਰੇ ਤੇ ਬੈਲੇ ਤਿਆਰ ਕੀਤੇ ਤੇ ਖੇਡੇ ਜਾਂਦੇ ਹਨ ?

ਸੋਵੀਅਟ ਥੀਏਟਰਾਂ ਦੀ ਰੀਪੋਰਟਰੀ (ਖਬਰਨਾਮੇ) ਵਿਚ ਸੈਂਕੜੇ ਨਾਟਕਾਂ, ਓਪੇਰਿਆਂ ਤੇ ਬੈਲਿਆਂ ਦੇ ਨਾਂਅ ਦਰਜ ਹਨ। ਸੋਵੀਅਟ ਦਰਸ਼ਕਾਂ ਦੀਆਂ ਮੰਗਾਂ ਅਤੇ ਸਵਾਦਾਂ ਤੇ ਪੂਰਾ ਉਤਰਨ ਲਈ ਇਹ ਕਾਫ਼ੀ ਵਖ ਵਖ ਪ੍ਰਕਾਰ ਦੇ ਤੇ ਉਚ-ਦਰਜੇ ਦੇ ਹਨ।

ਉਦਾਹਰਣ ਵਜੋਂ, ਅਸੀਂ ਇਕ ਖਾਸ ਦਿਨ ਖੇਡੀਆਂ ਗਈਆਂ ਚੀਜ਼ਾਂ ਨੂੰ ਲੈਂਦੇ ਹਾਂ।

ਰੂਸੀ ਤੇ ਬਦੇਸ਼ੀ ਕਲਾਸੀਕਲ ਲੇਖਕਾਂ ਦੇ ਨਾਟਕਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਸੋਵੀਅਟ ਯੂਨੀਅਨ ਦਾ ਬੋਲਸ਼ੋਈ ਅਕੈਡੇਮਿਕ ਥੀਏਟਰ ਮਹਾਨ ਰੂਸੀ ਕੰਪੋਜ਼ਰ ਮੂਸੋਰਗਸਕੀ ਦਾ ਓਪੇਰਾ "ਬੋਰਿਸ ਗੋਡੂਨੋਵ"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਖਾ ਰਿਹਾ ਹੈ। ਇਸ ਨਾਲ ਸੰਬੰਧਤ ਬੋਲਸ਼ੋਈ ਥੀਏਟਰ ਵਰਡੀ ਦਾ "ਲਾ ਤਰੀਵੀਆਤਾ" ਪੇਸ਼ ਕਰ ਰਿਹਾ ਹੈ।

ਅਤੇ ਨਾਟਕਾਂ ਬਾਰੇ ? ਮਾਲੀ ਥੀਏਟਰ ਵਿਚ ਉਨ੍ਹੀਵੀਂ ਸਦੀ ਦੇ ਦੂਜੇ ਅਧ ਦੇ ਮਹਾਨ ਰੂਸੀ ਨਾਟਕਕਾਰ ਏ. ਐਨ. ਓਸਤਰੋਵਸਕੀ ਦੀ ਕਾਮੇਡੀ "ਸਚਾਈ ਚੰਗੀ ਹੈ ਪਰ ਖੁਸ਼ੀ ਵਧੇਰੇ ਚੰਗੀ ਹੈ" ਸਟੇਜ ਕੀਤਾ ਜਾ ਰਿਹਾ ਹੈ। ਸੈਂਟ੍ਰਲ ਯੰਗ ਸਪੈਕਟੇਟਰ ਥੀਏਟਰ ਵਿਚ ਗਰੀਬੋਏਦੋਵ ਦੀ ਅਮਰ ਕਾਮੇਡੀ "ਚਲਾਕੀ ਪੁਆੜੇ ਪਾਉਂਦੀ ਹੈ" ਵਿਖਾਈ ਜਾ ਰਹੀ ਹੈ। ਗੋਰਕੀ ਦੀ "ਹੇਠਲੀ ਡੂੰਘਾਣ" ਮਾਸਕੋ ਆਰਟ ਥੀਏਟਰ ਵਿਚ ਪੇਸ਼ ਹੋ ਰਹੀ ਹੈ, ਜਿਸਦੀ ਰੀਪੋਰਟਰੀ ਵਿਚ ਇਹ ਨਾਂਅ ਅਧੀ ਸਦੀ ਤੋਂ ਦਰਜ ਚਲਿਆ ਆ ਰਿਹਾ ਹੈ। ਸ਼ੈਕਸਪੀਅਰ ਦਾ "ਓਥੈਲੋ" ਮੋਸੋਵੀਅਟ ਥੀਏਟਰ ਵਿਚ ਅਤੇ ਹਿਊਗੋ ਦੀ ਰਚਨਾ ਤੇ ਆਧਾਰਿਤ "ਰੂਈ ਬਲਾਸ" ਸੰਬੰਧਤ ਮਾਲੀ ਥੀਏਟਰ ਵਿਚ ਵਿਖਾਏ ਜਾ ਰਹੇ ਹਨ।

ਸਤਾਨੀਸਲਾਵਸਕੀ ਤੇ ਨੈਮੀਰੋਵਿਚ-ਦਾਨਚੈਂਕੋ ਥੀਏਟਰ ਵਿਚ ਓਫਨਬਾਚ ਦਾ ਮਜ਼ਾਕੀਆ ਓਪੇਰਾ "ਲਾ ਬੈਲੇ ਹੈਲੇਨੀ" ਸਟੇਜ ਹੋ ਰਿਹਾ ਹੈ।

ਸੋਵੀਅਟ ਥੀਏਟਰ ਦਾ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਬੜਾ ਨੇੜੇ ਦਾ ਸੰਬੰਧ ਹੈ। ਅਜੇਹੀ ਕੋਈ ਵਿਸ਼ੇਸ਼ ਵਾਪਰ ਰਹੀ ਤਬਦੀਲੀ ਨਹੀਂ ਹੁੰਦੀ ਜਿਸ ਦਾ ਅਕਸ ਸੋਵੀਅਟ ਥੀਏਟਰ ਵਿਚ ਨਾ ਦਿਸੇ। ਥੀਏਟਰ ਸੋਵੀਅਟ ਜਨਤਾ ਨੂੰ ਸੋਵੀਅਟ ਦੇਸ਼-ਭਗਤੀ ਤੇ ਕੌਮਾਂਤ੍ਰੀਵਾਦ ਦੀ ਭਾਵਨਾ ਨਾਲ ਸੁਸਿਖਸ਼ਤ ਕਰਦਾ ਹੈ। ਅਗਾਂਹ-ਵਧੂ ਵਿਚਾਰਾਂ ਤੇ ਇਖਲਾਕ ਦੀ ਜਿਤ ਦਰਸਾ ਕੇ ਮਨੁਖਤਾ ਦੇ ਵਿਚਾਰਾਂ ਦਾ ਪ੍ਰਚਾਰ ਕਰਦਾ ਹੈ। ਬਹੁਤ ਸਾਰੇ ਨਾਟਕ ਸਾਡੇ ਸਮੇਂ ਦੇ ਅਹਿਮ ਮਸਲਿਆਂ ਬਾਰੇ ਤੇ ਉਨ੍ਹਾਂ ਸਮਸਿਆਵਾਂ ਸਬੰਧੀ ਹਨ, ਜਿਨ੍ਹਾਂ ਦਾ ਸਾਹਮਣਾ ਬੀਤੇ ਵਿਚ ਸੋਵੀਅਟ ਜਨਤਾ ਨੂੰ ਕਰਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਿਆ ਹੈ।

ਅਸੀਂ ਇਕ ਖਾਸ ਦਿਨ ਨੂੰ ਖੇਡੇ ਗਏ ਨਾਟਕਾਂ ਤੇ ਓਪੇਰਿਆਂ ਦਾ ਜ਼ਿਕਰ ਕਰ ਰਹੇ ਸਾਂ। ਇਨ੍ਹਾਂ ਵਿਚ ਸੋਵੀਅਟ ਲਿਖਾਰੀਆਂ ਦੇ ਸਜਰੇ ਨਾਟਕ ਵੀ ਸ਼ਾਮਲ ਹਨ। ਏ. ਅਬਰੂਜ਼ੋਵ ਦਾ ਨਾਟਕ "ਆਵਾਰਗੀ ਦੇ ਸਾਲ" ਲੈਨਿਨ ਕੋਮਸੋਮੋਲ ਥੀਏਟਰ ਵਿਚ ਵਿਖਾਇਆ ਜਾ ਰਿਹਾ ਹੈ। ਇਹ ਨਾਟਕ ਦੇਸ਼ਭਗਤਕ ਜੰਗ ਦੇ ਸੂਰਬੀਰਾਂ ਤੇ ਪੁਰਅਮਨ ਜ਼ਿੰਦਗੀ ਦੇ ਉਸਰਈਆਂ ਦੇ ਕੁਝ ਰੌਸ਼ਨ ਪਾਤਰ ਪੇਸ਼ ਕਰਦਾ ਹੈ ਅਤੇ ਜੀਵਨ-ਉਦੇਸ਼ ਬਾਰੇ, ਇਸ ਵਿਚ ਮਨੁਖੀ ਸਥਾਨ ਬਾਰੇ, ਖੁਸ਼ੀ ਬਾਰੇ ਅਤੇ ਸੋਵੀਅਟ ਜਨਤਾ ਦੇ ਸਦਾਚਾਰ ਬਾਰੇ ਦਿਲੋਂ ਮਨੋਂ ਗਲਾਂ ਕਰਦਾ ਹੈ। ਏ. ਸਾਲਿਨਸਕੀ ਦਾ ਨਾਟਕ "ਖਤਰਨਾਕ ਸਾਥੀ" ਮਾਲੀ ਥੀਏਟਰ ਵਿਚ ਸਟੇਜ ਹੋ ਰਿਹਾ ਹੈ। ਇਹ ਨਾਟਕ ਇਕ ਹਉਮੈ ਦੇ ਸ਼ਿਕਾਰ ਮਨੁਖ ਦਾ ਪਾਜ ਉਘੇੜਦਾ ਹੈ ਜਿਸਦੇ ਲਾਭ ਸਮਾਜ ਦੇ ਲਾਭਾਂ ਨਾਲ ਟਕਰਾਂਦੇ ਹਨ ਅਤੇ ਉਸ ਨੂੰ ਜੁਰਮ ਤੇ ਗ਼ੱਦਾਰੀ ਵਲ ਲੈ ਜਾਂਦੇ ਹਨ। ਇਸ ਦੇ ਨਾਲ ਹੀ ਲੇਖਕ ਸਾਧਾਰਨ ਸੋਵੀਅਟ ਮਨੁਖ ਦੇ ਉੱਚੇ ਇਖਲਾਕ, ਉਤਮ ਆਤਮਕ ਗੁਣ ਅਤੇ ਹੌਸਲੇ ਨੂੰ ਵੀ ਪਕਿਆਈ ਨਾਲ ਦਰਸਾਉਂਦਾ ਹੈ। ਵੀ. ਕੋਚੀਤੋਵ ਤੇ ਐਸ. ਕਾਰਾ ਦੀ ਰਚਨਾ "ਜ਼ੁਰਬਿਨਜ਼" ਮਾਇਆਕੋਵਸਕੀ ਥੀਏਟਰ ਵਿਚ ਸਟੇਜ ਹੋ ਰਿਹਾ ਹੈ। ਇਸ ਵਿਚ ਸੋਵੀਅਟ ਮਨੁਖ ਦੇ ਜੀਵਨ ਦੀ ਚੁਲ ਆਜ਼ਾਦ ਤੇ ਪ੍ਰੇਰਨਾ-ਭਰਪੂਰ ਮਿਹਨਤ—ਦੇ ਵਿਸ਼ੇ ਤੇ ਰੌਸ਼ਨੀ ਪਾਈ ਗਈ ਹੈ। ਜੀ. ਸੋਲੋਦਾਰ ਦਾ ਲਿਖਿਆ "ਲਿਲੀ ਬਾਗ਼" ਮਾਸਕੋ ਡਰਾਮਾ ਤੇ ਕਾਮੇਡੀ ਥੀਏਟਰ ਦੇ ਪਰੋਗਰਾਮ ਵਿਚ ਸ਼ਾਮਲ ਹੈ ਅਤੇ ਵੀ ਮਿੰਕੋ ਦੀ ਤਿਖੀ ਵਿਅੰਗ-ਆਤਮ ਕਾਮੇਡੀ "ਨਾਂਅ ਦਸੇ ਬਿਨਾ" ਮਾਸਕੋ ਡਰਾਮਾ ਥੀਏਟਰ ਵਲੋਂ ਵਿਖਾਈ ਜਾ ਰਹੀ ਹੈ।

ਯਰਮੋਲੋਵਾ ਥੀਏਟਰ ਨੇ ਕੋ-ਮੋ-ਜੋ ਦਾ ਇਤਿਹਾਸਕ ਦੁਖਾਂਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
(ਟ੍ਰੈਜਡੀ) "ਚੂ ਯੂਆਨ" ਸਟੇਜ ਕੀਤਾ ਹੈ। ਇਸ ਵਿਚ ਇਕ ਮਹਾਨ ਚੀਨੀ ਕਵੀ, ਰਾਜਨੇਤਾ ਤੇ ਲੋਕ-ਮਿਤ੍ਰ ਦਾ ਜੀਵਨ ਚਿਤਰਿਆ ਗਿਆ ਹੈ।

ਇਕ ਸੋਵੀਅਟ ਓਪਰੇਟਾ "ਸਭ ਤੋਂ ਪਿਆਰੀ ਚੀਜ਼" ਲੇਖਕ ਵੀ ਸੋਲੋਵਿਓਵ-ਸੀਡੋਏ, ਓਪਰੇਟਾ ਥੀਏਟਰ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਵਿਚ ਸਾਂਝੇ ਕਿਸਾਨਾਂ ਦਾ ਜੀਵਨ ਦਰਸਾਇਆ ਗਿਆ ਹੈ।

ਇਹ ਹਨ ਨਾਟਕ ਜਿਹੜੇ ਇਕੋ ਦਿਨ ਵਿਚ ਮਾਸਕੋ ਦੇ ਥੀਏਟਰਾਂ ਵਿਚ ਖੇਡੇ ਜਾਂਦੇ ਹਨ।

੭੮. ਕਿਹੜੀਆਂ ਫ਼ਿਲਮਾਂ ਬਹੁਤੀਆਂ ਪ੍ਰਸਿਧ ਹਨ ?

ਸਿਨੇਮਾ ਸੋਵੀਅਟ ਲੋਕਾਂ ਦੇ ਜੀਵਨ ਦਾ ਇਕ ਜ਼ਰੂਰੀ ਅੰਗ ਬਣ ਗਿਆ ਹੈ।

ਸੋਵੀਅਟ ਸਿਨੇਮਾ-ਕਲਾ ਨੇ ਉਹ ਉਭਾਰੂ ਤਸਵੀਰਾਂ ਤਿਆਰ ਕੀਤੀਆਂ ਹਨ ਜੋ ਸੋਵੀਅਟ ਜਨਤਾ ਦੇ ਆਪਣੀ ਆਜ਼ਾਦੀ ਤੇ ਸੋਸ਼ਲਿਜ਼ਮ ਲਈ ਸੂਰਬੀਰ-ਸੰਗਰਾਮ ਦੀਆਂ ਘਟਨਾਵਾਂ ਨੂੰ ਸਕਰੀਨ ਤੇ ਦਰਸਾਂਦੀਆਂ ਹਨ।

੧੯੨੦ ਤੋਂ ੧੯੪੦ ਤਕ ਤਿਆਰ ਹੋਈਆਂ ਕਈ ਉਚ-ਦਰਜੇ ਦੀਆਂ ਫ਼ਿਲਮਾਂ ਬਦੇਸਾਂ ਵਿਚ ਵੀ ਪ੍ਰਸਿਧ ਹਨ। ਇਨ੍ਹਾਂ ਵਿਚ "ਜੰਗੀ ਜਹਾਜ਼ ਪੋਟਮਕਿਨ", ਜੋ ੧੯੦੫ ਵਿਚ ਹੋਈ ਕਾਲੇ-ਸਾਗਰ ਦੇ ਜਹਾਜ਼ੀਆਂ ਦੀ ਇਨਕਲਾਬੀ ਬਗ਼ਾਵਤ ਸੰਬੰਧੀ ਹੈ, ਗੋਰਕੀ ਦੇ ਨਾਵਲ ਤੇ ਆਧਾਰਿਤ "ਮਾਂ", ਮੈਕਸਿਮ ਨਾਮੀ ਮਜ਼ਦੂਰ, (ਜਿਹੜਾ ਇਕ ਪੱਕਾ ਇਨਕਲਾਬੀ ਬਣਿਆ ਅਤੇ ਜਿਸ ਨੇ ਆਪਣਾ ਜੀਵਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨਕਲਾਬੀ ਆਸ਼ੇ ਦੇ ਅਰਪਣ ਕਰ ਦਿਤਾ) ਬਾਰੇ ਤਿੰਨ ਫਿਲਮਾਂ, ਅਤੇ ਸੋਵੀਅਟ ਯੂਨੀਅਨ ਵਿਚ ਮੁਢਲੀਆਂ ਸੋਸ਼ਲਿਸਟ ਤਬਦੀਲੀਆਂ ਦਰਸਾਂਦੀਆਂ ਫਿਲਮਾਂ "ਜਵਾਬੀ ਪਲੈਨ" ਤੇ "ਕਿਸਾਨ", "ਅਕਤੂਬਰ ਵਿਚ ਲੈਨਿਨ", "੧੯੧੮ ਵਿਚ ਲੈਨਿਨ", "ਬੰਦੂਕ ਵਾਲਾ ਆਦਮੀ", "ਸੌਗੰਦ", "ਮਹਾਨ ਚਾਨਣ", "ਜ਼ਾਰਸਤਾਨ ਦੀ ਰਖਿਆ", "ਯਾਕੋਵ ਸਵਰਦਲੋਵ", "ਇਕ ਮਹਾਨ ਸ਼ਹਿਰੀ", ਆਦਿ, ਸੋਵੀਅਟ ਸਿਨੇਮਾਂ-ਦਰਸ਼ਕਾਂ ਦੀਆਂ ਬੜੀਆਂ ਪਿਆਰੀਆਂ ਫਿਲਮਾਂ ਹਨ।

ਮਹਾਨ ਦੇਸ਼ ਭਗਤਕ ਜੰਗ ਦੇ ਸਮੇਂ ਸੋਵੀਅਟ ਸਿਨੇਮਾ-ਕਲਾ ਨੇ ਕਮਾਲ ਦੀਆਂ ਫਿਲਮਾਂ ਬਣਾਈਆਂ ਜਿਹੜੀਆਂ ਲੋਕਾਂ ਲਈ ਆਪਣੇ ਦੇਸ਼ ਦੀ ਇਜ਼ਤ ਤੇ ਆਜ਼ਾਦੀ ਦੀ ਰਖਿਆ ਲਈ ਪ੍ਰੇਰਨਾ ਦਾ ਸੋਮਾ ਸਨ।

ਅਜੇਹੀਆਂ ਫਿਲਮਾਂ "ਸਤਰੰਗੀ ਪੀਂਘ", "ਰੂਸੀ ਲੋਕ", "ਉਹ ਆਪਣੇ ਦੇਸ ਦੀ ਰਖਿਆ ਕਰਦੀ ਹੈ", "ਜ਼ਿਲਾ ਪਾਰਟੀ ਕਮੇਟੀ ਦਾ ਸੈਕਟਰੀ", "ਜ਼ੋਇਆ", "ਹਮਲਾ", ਆਦਿ, ਹਨ।

ਪਿਛਲੀ ਜੰਗ ਵਿਚ ਦਰਸਾਈ ਸੋਵੀਅਟ ਜਨਤਾ ਦੀ ਸੂਰਬੀਰਤਾ "ਤੀਜਾ ਵਾਰ"; "ਸੂਰਬੀਰ ਲੋਕ", ਤੇ ਦੋ ਹਿਸਿਆਂ ਦੀ ਫਿਲਮ "ਯੰਗ ਗਾਰਡ", "ਸਟਾਲਿਨ ਗ੍ਰਾਡ ਦੀ ਲੜਾਈ" ਅਤੇ "ਬਰਲਨ ਦੀ ਜਿਤ" ਨਾਮੀ ਫਿਲਮਾਂ ਵਿਚ ਫਿਲਮਾਈ ਗਈ ਹੈ, ਜੋ ਕਿ ਜਰਮਨ ਫੈਸਿਜ਼ਮ ਉਤੇ ਜਮਹੂਰੀਅਤ ਤੇ ਮਨੁਖਤਾ ਦੀਆਂ ਤਾਕਤਾਂ ਦੀ ਜਿਤ ਦਰਸਾਂਦੀਆਂ ਹਨ।

ਸੋਵੀਅਟ ਰੂਸ ਦੇ ਲੋਕਾਂ ਦੇ ਇਤਿਹਾਸ ਤੇ ਆਧਾਰਿਤ ਫਿਲਮਾਂ ਵੀ ਸੋਵੀਅਟ ਦਰਸ਼ਕ ਬੜਾ ਪਸੰਦ ਕਰਦੇ ਹਨ। ਅਜੇਹੀਆਂ ਫਿਲਮਾਂ ਵਿਚ "ਅਲਗਜ਼ੈਂਡਰ ਨੇਵਸਕੀ", "ਪੀਟਰ ਪਹਿਲਾ", "ਭਿਆਨਕ ਈਵਾਨ", "ਮਿਨਿਨ ਤੇ ਪੋਜ਼ਾਰਸਕੀ", "ਬਾਗਡਨ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਮੈਲਨਿਟਸਕੀ'' ਅਤੇ ''ਜਾਰਜੀ ਸਾਅਕਾਡਜ਼ੀ'' ਹਨ।

ਪ੍ਰਸਿਧ ਸਾਇੰਸਦਾਨਾਂ, ਲਿਖਾਰੀਆਂ ਤੇ ਦੂਜੇ ਲੋਕਾਂ ਦੀਆਂ ਜੀਵਨੀਆਂ : ''ਪੀਰੋਗੋਵ'', ''ਅੜੈਡਮੀਸ਼ਨ ਈਵਾਨ ਪੈਵਲੋਵ'', ''ਮਿਚੂਰਿਨ'', ''ਜ਼ੂਕੋਵਸਕੀ'', ''ਅਲਗਜ਼ੈਂਡਰ ਪੋਪੋਵ'', ''ਮੁਸੋਰਗਸਕੀ'', ਅਲੀਸ਼ੇਰ ਨਾਵੋਈ'', ''ਰੇਨਿਸ਼'', ''ਤਾਰਾਸ ਸ਼ੈਵਜ਼ੈਂਕੋ; ਪ੍ਰਸਿਧ ਫੌਜੀ ਤੇ ਬਹਿਰੀ ਕਮਾਂਡਰਾਂ ਦੀਆਂ ਜੀਵਨੀਆਂ : ''ਸਵੋਰੋਵ'', ''ਕੁਟੂਜ਼ੋਵ'', ''ਐਡਮਿਰਲ ਨਾਖੀਮੋਵ'', ਅਤੇ ੧੯੧੮-੧੯੨੦ ਦੀ ਖਾਨਾਜੰਗੀ ਦੇ ਸੂਰਬੀਰਾਂ ਦੀਆਂ ਜੀਵਨੀਆਂ : ''ਚੈਪੇਵ'', ''ਸ਼ੋਚੋਰਸ'' ਤੇ ''ਅਲਗਜ਼ੈਂਡਰ ਪਾਰਖੋਮੈਂਕੋ'' ਫਿਲਮਾਈਆਂ ਗਈਆਂ ਹਨ।

ਜੰਗ-ਮਗਰਲੀਆਂ ਸੋਵੀਅਟ ਫਿਲਮਾਂ ਨਵੇਂ ਜੀਵਨ ਦੇ ਸੂਰਬੀਰ ਉਸਰਈਆਂ ਨੂੰ ਚਿਤਰਦੀਆਂ ਹਨ। ''ਸਾਏਬੇਰੀਆ ਦੀ ਕਹਾਣੀ'', ''ਕੂਬਾਨ ਕਾਸਕ'', ''ਮਹਾਨ ਸ਼ਕਤੀ'' ਅਤੇ ''ਡੋਨੇਟਸ ਦੇ ਕਾਨਕੁਨ'' ਕਈ ਕਈ ਮਹੀਨੇ ਸਕਰੀਨ ਦੀ ਸ਼ੋਭਾ ਬਣੀਆਂ ਰਹੀਆਂ।

ਸੋਵੀਅਟ ਫਿਲਮਾਂ ਵਿਚ ਕਾਫੀ ਰੁਚੀਆਂ ਪਿਛਾਂਹ-ਖਿਚੂ ਵਿਚਾਰਾਂ ਜਾਂ ਆਤਮਕ ਭ੍ਰਿਸ਼ਟਤਾ ਨੂੰ ਵਡਿਆਇਆ ਨਹੀਂ ਜਾਂਦਾ। ਸੋਵੀਅਟ ਫਿਲਮਾਂ ਪਛੜੇ ਹੋਏ ਲੋਕਾਂ ਦੀਆਂ ਨੀਚ ਭਾਵਨਾਵਾਂ ਨੂੰ ਅਪੀਲ ਨਹੀਂ ਕਰਦੀਆਂ।

ਜੰਗ ਮਗਰੋਂ ਫਰਾਂਸ, ਇਟਲੀ ਤੇ ਚੈਕੋਸਲੋਵਾਕੀਆ ਵਿਚ ਹੋਏ ਕੌਮਾਂਤਰੀ ਫਿਲਮੀ ਮੇਲਿਆਂ ਵਿਚ ਸੋਵੀਅਟ ਫਿਲਮਾਂ ਨੇ ਪਹਿਲੇ ਇਨਾਮ ਅਤੇ ਸਭ ਤੋਂ ਬਹੁਤੇ ਇਨਾਮ ਜਿਤੇ ਹਨ।

ਸੌ ਤੋਂ ਉਪਰ ਪੂਰੀ ਲੰਬਾਈ ਦੀਆਂ, ਦਸਤਾਵੇਜ਼ੀ ਅਤੇ ਲੋਕ-ਪ੍ਰਿਯ ਸਾਇੰਸੀ ਫਿਲਮਾਂ ਨੂੰ ਸਟਾਲਿਨ ਇਨਾਮ ਮਿਲ ਚੁਕੇ ਹਨ।

ਸੋਵੀਅਟ ਸਿਨੇਮਾ-ਦਰਸ਼ਕ ਬਦੇਸ਼ਾਂ ਦੀ ਅਗਾਂਹ ਵਧੂ ਫਿਲਮੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਲਾ ਦੀ ਉਪਜ ਵਧੀਆ ਫਿਲਮਾਂ ਵਿਚ ਵੀ ਬੜੀ ਦਿਲਚਸਪੀ ਵਿਖਾਂਦੇ ਹਨ।

੭੯. ਸੋਵੀਅਟ ਯੂਨੀਅਨ ਵਿਚ ਐਕਟਰ, ਨਾਚੇ ਤੇ ਗਵਈਏ ਆਦਿ ਟਰੇਨਿੰਗ ਕਿਵੇਂ ਲੈਂਦੇ ਹਨ ?

ਗੁਣਵਾਨ ਬੱਚੇ ਜਿਹੜੇ ਕਲਾ ਦੇ ਕਿਸੇ ਵਿਸ਼ੇਸ਼ ਖੇਤਰ ਲਈ ਯੋਗਤਾ ਦਰਸਾਂਦੇ ਹਨ ਉਨ੍ਹਾਂ ਨੂੰ ਖਾਸ ਸਕੂਲਾਂ ਵਿਚ ਸੈਕੰਡਰੀ ਤਾਲੀਮ ਦਿਤੀ ਜਾਂਦੀ ਹੈ, ਜਿਥੇ ਕਿ ਆਮ ਮਜ਼ਮੂਨਾਂ ਦੇ ਨਾਲ ਨਾਲ, ਉਨ੍ਹਾਂ ਨੂੰ ਉਨ੍ਹਾਂ ਦੇ ਚੁਣੇ ਹੋਏ ਖੇਤਰ–ਵਾਇਉਲਿਨ, ਪਿਆਨੋ, ਬੈਲੇ, ਆਦਿ ਵਿਚ ਮੁਢਲੀ ਟ੍ਰੇਨਿੰਗ ਦਿਤੀ ਜਾਂਦੀ ਹੈ।

ਸੌ ਤੋਂ ਉਪਰ ਸਕੂਲ ਕਲਾ ਕਾਮਿਆਂ ਨੂੰ ਖਾਸ ਸੈਕੰਡਰੀ ਤਾਲੀਮ ਦੇ ਕੇ ਟ੍ਰੇਂਡ ਕਰਦੇ ਹਨ (ਥੀਏਟਰ, ਰਾਗ ਦੇ ਤੇ ਦੂਜੇ ਸਕੂਲ)। ਇਨ੍ਹਾਂ 'ਚੋਂ ਕੁਝ ਸਕੂਲ ਸਭ ਤੋਂ ਵਡੇ ਥੀਏਟਰਾਂ, ਫਿਲਹਾਰਮੋਨਿਕ ਸੋਸਾਇਟੀਆਂ ਤੇ ਫਿਲਮ ਸਟੂਡੀਉ ਵਲੋਂ ਜਾਰੀ ਕੀਤੇ ਹੁੰਦੇ ਹਨ।

ਬਾਈ ਕਲਾ ਕੇਂਦਰ (ਕਨਜ਼ਰਵੇਟੋਇਰਾਂ) ਵਿਚ ਗਵਈਆਂ, ਰਾਗੀਆਂ, ਕਮਪੋਜ਼ਰਾਂ (ਗੀਤ ਧੁਨਾਂ ਬਨਾਣ ਵਾਲਿਆਂ), ਕੰਡਕਟਰਾਂ, ਤੇ ਰਾਗ ਪੰਡਤਾਂ ਨੂੰ ਟ੍ਰੇਨ ਕੀਤਾ ਜਾਂਦਾ ਹੈ, ਜਿਥੇ ਉਨ੍ਹਾਂ ਨੂੰ ਉਨ੍ਹਾਂ ਦੀ ਕਲਾ ਸੰਬੰਧੀ ਵਿਸ਼ੇਸ਼ ਤੇ ਸੰਪੂਰਨ ਉੱਚ-ਸਿਖਿਆ ਦੇਂਦੀਆਂ ਹਨ। ਇਨ੍ਹਾਂ 'ਚੋਂ ਸਭ ਤੋਂ ਵਡੇ ਤੇ ਚਿਰ-ਸਥਾਪਤ ਮਾਸਕੋ ਤੇ ਲੈਨਿਨਗ੍ਰਾਡ ਦੇ ਕਲਾ-ਕੇਂਦਰ ਹਨ।

ਇਹ ਦੋ ਕਲਾ-ਕੇਂਦਰ ਦੂਜੇ ਰਾਗ-ਸਕੂਲਾਂ ਦੀ, ਖਾਸ ਕਰਕੇ ਰੂਸੀ ਰੀਪਬਲਿਕਾਂ ਦੇ ਰਾਗ ਸਕੂਲਾਂ ਦੀ ਸਹਾਇਤਾ ਕਰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹਨਾਂ ਵਿਚ ਯੂਨੀਅਨ ਤੇ ਖ਼ੁਦਮੁਖਤਾਰ ਰੀਪਬਲਿਕਾਂ ਦੇ ਰਾਗੀਆਂ ਤੇ ਦੂਜੇ ਕਲਾਕਾਰਾਂ ਦੀ ਸਿਖਲਾਈ ਲਈ ਖਾਸ ਸਟੂਡੀਓ ਹਨ।

ਐਕਟਰਾਂ, ਥੀਏਟਰਕਲ ਪ੍ਰੋਡਿਊਜ਼ਰਾਂ ਤੇ ਸਿਨੇਮਾ ਵਰਕਰਾਂ ਨੂੰ ਥੀਏਟਰੀਕਲ ਕਲਾ ਅਤੇ ਸਿਨੇਮਾ-ਕਲਾ ਦੇ ਅਦਾਰਿਆਂ ਵਿਚ ਟਰੇਨਿੰਗ ਦਿਤੀ ਜਾਂਦੀ ਹੈ। ਉਥੇ ਚਿਤ੍ਰਕਾਰਾਂ, ਗ੍ਰਾਫਿਕ ਆਰਟਿਸਟਾਂ ਤੇ ਬੁਤ-ਘਾੜਿਆਂ ਦੀ ਸਿਖਲਾਈ ਲਈ ਖਾਸ ਸਕੂਲ ਤੇ ਕਾਲਜ ਹਨ। ਲੈਨਿਨਗਰਾਡ ਵਿਚ ਕਲਾ-ਅਕੈਡੇਮੀ ਹੈ। ਅਨੇਕਾਂ ਸ਼ਰੋਮਣੀ ਐਕਟਰਾਂ, ਰਾਗੀਆਂ ਤੇ ਹੋਰਨਾਂ ਨੇ ਮੁਢਲੀ ਸਿਖਿਆ ਸ਼ੌਕੀਆ ਆਰਟ ਸਰਕਲਾਂ ਵਿਚ ਪ੍ਰਾਪਤ ਕੀਤੀ। ਮਿਸਾਲ ਵਜੋਂ, ਮਾਸਕੋ ਆਰਟ ਥੀਏਟਰ ਦਾ ਨਿਕੋਲਾਈ ਬੋਗੋਲਿਉਬੋਵ, ਸੋਵੀਅਟ ਯੂਨੀਅਨ ਦਾ ਲੋਕ-ਕਲਾਕਾਰ, ਅਤੇ ਮਾਸਕੋ ਦੇ ਬੋਲਸ਼ੋਈ ਥੀਏਟਰ ਦਾ ਸਰਜੀ ਲੈਮੀਸ਼ੇਵ, ਸੋਵੀਅਟ ਯੂਨੀਅਨ ਦਾ ਲੋਕ-ਕਲਾਕਾਰ ਇਜੇਹੇ ਪ੍ਰਸਿਧ ਸਜਣ ਹਨ।

੮੦. ਸੋਵੀਅਟ ਯੂਨੀਅਨ ਵਿਚ ਕਲਾ, ਸੰਗੀਤ ਨਾਟਕ, ਨਾਚ ਆਦਿ ਕਿੰਨੇ ਕੁ ਲੋਕ-ਪਿਆਰੇ ਹਨ ?

ਇਹ ਚੀਜ਼ਾਂ ਸੋਵੀਅਟ ਯੂਨੀਅਨ ਵਿਚ ਬੜੀਆਂ ਹੀ ਲੋਕ-ਪਿਆਰੀਆਂ ਹਨ। ਉਥੇ ਅਜੇਹੀ ਕੋਈ ਕਲੱਬ, ਸਭਿਆਚਾਰ-ਘਰ, ਫੈਕਟਰੀ ਜਾਂ ਸਾਂਝਾ ਫਾਰਮ ਨਹੀਂ ਜਿਥੇ ਉਸ ਦਾ ਆਪਣਾ ਡਰਾਮਾ ਗਰੁਪ, ਸੰਗੀਤ ਤੇ ਨ੍ਰਿਤ-ਮੰਡਲੀ, ਸੰਗੀਤ ਗਰੁਪ, ਡਾਂਸਿੰਗ (ਨਾਚ) ਸੋਸਾਇਟੀ ਜਾਂ ਦੂਜੇ ਸ਼ੌਕੀਆ ਕਲਾ ਕੇਂਦਰ ਨਾ ਹੋਣ।

ਸੋਵੀਅਟ ਯੂਨੀਅਨ ਵਿਚ ਅਜੇਹੇ ਦੋ ਲਖ ਆਰਟ ਸਰਕਲ ਹਨ, ਜਿਨ੍ਹਾਂ ਦੇ ਚਾਲੀ ਲਖ ਮੈਂਬਰ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੯੫੨ ਵਿਚ ਸਿਰਫ ਟ੍ਰੇਡ ਯੂਨੀਅਨਾਂ ਹੀ ਅਜੇਹ ਇਕ ਲਖ ੧੪ ਹਜ਼ਾਰ ਵਖ ਵਖ ਪ੍ਰਕਾਰ ਦੇ ਸ਼ੌਕੀਆ ਕਲਾ ਕੇਂਦਰ ਚਲਾ ਰਹੀਆਂ ਸਨ ਜਿਨ੍ਹਾਂ ਦੀ ਕੁਲ ਮੈਂਬਰਸ਼ਿਪ ੨੦ ਲਖ ਸੀ। ਫੈਕਟਰੀਆਂ ਤੇ ਦਫਤਰਾਂ ਦੇ ਕਾਮੇ ਤੇ ਉਨ੍ਹਾਂ ਦੇ ਪਰਵਾਰ ਇਨ੍ਹਾਂ ਦੇ ਮੈਂਬਰ ਸਨ।

ਡਰਾਮਾਂ-ਕਲੱਬਾਂ ਦੀਆਂ ਰੀਪੋਰਟਰੀਆਂ ਵਿਚ ਓਸਤਰੋਵਸਕੀ, ਗੋਰਕੀ, ਚੈਖਵ, ਸ਼ੈਕਸਪੀਅਰ, ਲੋਪ ਡੀ ਵੇਗਾ, ਮੋਲੀਅਰ ਤੇ ਸਕ੍ਰਾਈਬ ਦੇ ਕਲਾਸੀਕਲ ਨਾਟਕ ਅਤੇ ਨਵੀਨ ਸੋਵੀਅਟ ਨਾਟਕਕਾਰਾਂ ਦੇ ਵਧੀਆ ਨਾਟਕਾਂ ਦੇ ਨਾਂ ਦਰਜ ਹਨ।

ਇਨ੍ਹਾਂ ਕਨਸਰਟਾਂ ਵਿਚ ਅਸੀਂ ਤਚੈਕੋਵਸਕੀ ਤੇ ਬੀਥੋਵਨ ਦੀਆਂ ਸੰਗੀਤ-ਧੁਨਾਂ, ਗਲਿੰਕਾ ਤੇ ਰਿਮਸਕੀ-ਕੋਰਸਾਕੋਵ, ਚੋਪਿਨ ਤੇ ਲਿਸਜ਼ਟ, ਅਤੇ ਹੋਰ ਅਨੇਕਾਂ ਸੰਗੀਤ-ਕਾਰਾਂ ਦੀਆਂ ਧੁਨਾਂ ਅਤੇ ਸੋਵੀਅਟ ਯੂਨੀਅਨ ਦੀਆਂ ਕੌਮਾਂ ਤੇ ਲੋਕਾਂ ਦੇ ਕੌਮੀ ਗੀਤ ਆਮ ਸੁਣਦੇ ਹਾਂ।

ਪੇਸ਼ਾਵਰ ਐਕਟਰ ਤੇ ਸੰਗੀਤਕਾਰ ਨਵੇਂ ਸਿਖਾਂਦਰੂਆਂ ਨੂੰ ਮਦਦ ਦੇਂਦੇ ਹਨ, ਥੀਏਟਰ ਤੇ ਅਨੇਕਾਂ ਪ੍ਰਸਿਧ ਐਕਟਰ ਖਾਸ ਆਰਟ ਸਰਕਲਾਂ ਦੇ "ਸਰਪਰਸਤ" ਬਣ ਜਾਂਦੇ ਹਨ।

੮੧. ਸੋਵੀਅਟ ਲਿਖਾਰੀਆਂ ਦੀ ਯੂਨੀਅਨ ਕਿਵੇਂ ਜਥੇਬੰਦ ਹੋਈ ਹੋਈ ਹੈ ਤੇ ਇਹਦਾ ਕੰਮ ਕਿਵੇਂ ਚਲਦਾ ਹੈ ?

ਸੋਵੀਅਟ ਲਿਖਾਰੀਆਂ ਦੀ ਯੂਨੀਅਨ ਵਿਚ ਸੋਵੀਅਟ ਯੂਨੀਅਨ ਦੀਆਂ ਕੁਲ ਕੌਮੀਅਤਾਂ ਦੇ ਲਿਖਾਰੀ ਸ਼ਾਮਲ ਹਨ ਤੇ ਉਹਨਾਂ ਦੀ ਗਿਣਤੀ ਤਿੰਨ ਹਜ਼ਾਰ ਤੋਂ ਉਪਰ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਯੂਨੀਅਨ ਇਕ ਪ੍ਰਭਾਵਸ਼ਾਲੀ ਲੋਕ-ਜਥੇਬੰਦੀ ਹੈ ; ਜੇ. ਵੀ. ਸਟਾਲਿਨ ਨੇ ਸੋਵੀਅਟ ਲਿਖਾਰੀਆਂ ਨੂੰ "ਮਨੁਖੀ ਆਤਮਾ ਦੇ ਇੰਜੀਨੀਅਰ" ਆਖਿਆ ਹੈ, ਅਤੇ ਸੋਵੀਅਟ ਸ਼ਹਿਰੀ ਬੜੇ ਚਾਅ ਨਾਲ ਆਪਣੇ ਲਿਖਾਰੀਆਂ ਨੂੰ ਸੁਣਦੇ ਹਨ, ਜਿਹੜੇ ਕਿ ਉਨ੍ਹਾਂ ਦੇ ਜੀਵਨ ਨੂੰ, ਸੋਵੀਅਟ ਸਮਾਜ ਦੇ ਜੀਵਨ ਨੂੰ ਸਚਿਆਈ ਨਾਲ ਚਿਤਰਦੇ ਹਨ।

ਸੋਵੀਅਟ ਲਿਖਾਰੀ ਆਪਣੀਆਂ ਰਚਨਾਵਾਂ ਵਿਚ ਸੋਵੀਅਟ ਜਨਤਾ ਦੀਆਂ ਉਚੀਆਂ ਇਖਲਾਕੀ ਖੂਬੀਆਂ, ਆਪਣੀ ਮਾਤਭੂਮੀ ਦੀ ਸ਼ਕਤੀ ਤੇ ਖੁਸ਼ਹਾਲੀ ਵਧਾਣ ਲਈ ਉਨ੍ਹਾਂ ਦੇ ਯਤਨਾਂ, ਅਤੇ ਕੌਮਾਂ ਵਿਚਕਾਰ ਅਮਨ ਤੇ ਦੋਸਤੀ ਤੇ ਦੁਨੀਆਂ ਭਰ ਵਿਚ ਆਮ ਜਨਤਾ ਦੀ ਖੁਸ਼ੀ ਲਈ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਚਿਤਰਦੇ ਹਨ।

ਇਸ ਪ੍ਰਕਾਰ, ਸੋਵੀਅਟ ਲਿਖਾਰੀ ਆਪਣੀ ਰਚਨਾਤਮਕ ਕਲਾ ਦੁਆਰਾ ਮੌਜੂਦਾ ਸਮੇਂ ਦੇ ਸਭ ਤੋਂ ਅਗਾਂਹ-ਵਧੂ ਵਿਚਾਰਾਂ ਦੀ ਭਾਵਨਾ ਕਮਿਊਨਿਜ਼ਮ ਦੀ ਭਾਵਨਾ ਵਿਚ ਲੋਕਾਂ ਨੂੰ ਸੁਸਿਖਸ਼ਤ ਕਰਨ ਵਿਚ ਸਹਾਈ ਬਣਦੇ ਹਨ।

ਸੋਵੀਅਟ ਲਿਖਾਰੀ ਦੇਸ਼ ਦੀ ਅਮਨ ਲਹਿਰ ਵਿਚ ਸਰਗਰਮ ਹਿਸਾ ਲੈਂਦੇ ਹਨ, ਤੇ ਸ਼ਾਇਰ ਨਿਕੋਲਾਈ ਤਿਖੋਨੋਵ ਸੋਵੀਅਟ ਅਮਨ ਕਮੇਟੀ ਦਾ ਪਰਧਾਨ ਹੈ।

ਸੋਸ਼ਲਿਸਟ ਇਨਕਲਾਬ ਨੇ ਕਈ ਲੋਕਾਂ ਦੇ ਕੌਮੀ ਸਾਹਿਤ ਨੂੰ ਜਨਮ ਦਿਤਾ ਤੇ ਉੱਨਤ ਕੀਤਾ ਹੈ। ਉਦਾਹਰਣ ਵਜੋਂ, ਇਕ ਛੋਟੀ ਜੇਹੀ ਕੌਮ 'ਅਦੀਗੀ' ਨੂੰ ਹੀ ਲਵੋ। ਇਸ ਦੀ ਕੁਲ ਜਨ-ਸੰਖਿਆ ਨੱਬੇ ਹਜ਼ਾਰ ਤੋਂ ਵਧ ਨਹੀਂ। ਇਨਕਲਾਬ ਤੋਂ ਪਹਿਲਾਂ ਇਹਦੀ ਕੋਈ ਲਿਖਤੀ ਜ਼ਬਾਨ ਨਹੀਂ ਸੀ ਹੁਣ ਇਸ ਦੇ ਆਪਣੇ ਲਿਖਾਰੀ ਹਨ। ਕਿਊਰਿਨ (ਇਕ ਲੈਂਗਜ਼ੀਅਨ ਕਬੀਲਾ) ਬੋਲੀ ਬੋਲਣ ਵਾਲੇ ਲੋਕਾਂ ਦੀ ਕੁਲ ਗਿਣਤੀ ਤੀਹ ਹਜ਼ਾਰ ਹੈ ਪਰ ਉਨ੍ਹਾਂ ਨੇ ਸ਼ੁਮਣੀ ਕਵੀ

ਪੁਸਤਕਾਲਯ
ਗੁਰੁਕੁਲ ਕਾਂਗੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਲੀਮਾਨ ਸਤਾਲਸਕੀ ਪੈਦਾ ਕੀਤਾ ਹੈ, ਜਿਸ ਨੂੰ ਮੈਕਸਿਮ ਗੋਰਕੀ ਨੇ "ਵੀਹਵੀਂ ਸਦੀ ਦਾ ਹੋਮਰ" ਦਾ ਨਾਂ ਦਿਤਾ ਹੈ।

ਬਾਕੀ ਸੋਵੀਅਟ ਲੋਕ-ਜਥੇਬੰਦੀਆਂ ਵਾਂਗ, ਲਿਖਾਰੀਆਂ ਦੀ ਯੂਨੀਅਨ ਦੀ ਬੁਨਿਆਦ ਵੀ ਜਥੇਬੰਦੀ ਦਾ ਸੰਧਾਨੀ (ਫੈਡਰਲ) ਅਸੂਲ ਹੈ। ਯੂਨੀਅਨਾਂ ਤੇ ਖੁਦਮੁਖਤਾਰ ਰੀਪਬਲਿਕਾਂ ਅਤੇ ਕੌਮੀ ਰਕਬਿਆਂ ਦੀਆਂ ਕੌਮੀ ਲਿਖਾਰੀ ਯੂਨੀਅਨਾਂ ਸੋਵੀਅਟ ਲਿਖਾਰੀਆਂ ਦੀ ਯੂਨੀਅਨ ਨਾਲ ਸੰਬੰਧਤ ਹਨ। ਯੂਨੀਅਨ ਦੀ ਸਭ ਤੋਂ ਉਚੀ ਕਮੇਟੀ ਇਸ ਦਾ ਐਗਜ਼ੈਕਟਿਵ ਬੋਰਡ ਹੈ ਜਿਸ ਨੂੰ ਸਰਬ-ਯੂਨੀਅਨ ਲਿਖਾਰੀਆਂ ਦੀ ਕਾਂਗਰਸ ਵਿਚ ਗੁਪਤ ਵੋਟ ਦੁਆਰਾ ਚੁਣਿਆ ਜਾਂਦਾ ਹੈ।

ਯੂਨੀਅਨ ਦਾ ਕੰਮ ਬਹੁ-ਪੱਖੀ ਹੈ। ਵਾਰਤਕ, ਕਵਿਤਾ, ਨਾਟਕ, ਸਾਇੰਸ, ਕਥਾ-ਸਾਹਿਤ, ਫੀਚਰ ਲਿਖਤ ਨਾਲ ਸੰਬੰਧਤ ਯੂਨੀਅਨ ਦੀਆਂ ਕਈ ਅਡ ਅਡ ਸੈਕਸ਼ਨਾਂ ਹਨ, ਅਤੇ ਅਨੇਕਾਂ ਕੌਮੀਅਤਾਂ ਦੇ ਲਿਖਾਰੀਆਂ ਨਾਲ, ਅਤੇ ਬਾਲ ਸਾਹਿਤ ਦੇ ਲਿਖਾਰੀਆਂ ਨਾਲ ਕੰਮ ਲਈ ਕਮਿਸ਼ਨ ਹਨ।

ਸੋਵੀਅਟ ਲਿਖਾਰੀਆਂ ਦੀ ਯੂਨੀਅਨ ਦਾ ਇਕ ਬੜਾ ਵਡਾ ਪੁਸਤਕ ਪਬਲਿਸ਼ਿੰਗ ਹਾਊਸ ਹੈ। ਇਸ ਵਲੋਂ ਮਾਸਕੋ, ਲੈਨਿਨ-ਗਰਾਡ ਤੇ ਦੂਜੇ ਸ਼ਹਿਰਾਂ ਵਿਚ ਅਨੇਕਾਂ ਸਾਹਿਤਕ ਮੈਗਜ਼ੀਨਾਂ– "ਨੋਵੇ ਮੀਰ", "ਓਕਤਿਆਬਰ", "ਜ਼ਬਜ਼ਦਾ", "ਜ਼ਨਾਮਿਆ", "ਸਿਬਿਰਸਕੀ ਓਗਨੀ", "ਡਾਲਨੀ ਵੋਸਤੋਕ" ਆਦਿ –ਅਤੇ ਬਹੁਤ ਸਾਰੇ ਅਖਬਾਰ "ਲਿਟਰੇਚਰਨਾਯਾ ਗਜ਼ਟਾ" "ਲਿਟਰੇਚਰਾ ਮਿਸਟੇਟਸਵੋ" (ਪਿਛਲਾ ਯੂਕਰੇਨੀ ਜ਼ਬਾਨ ਵਿਚ) ਤੇ ਹੋਰ ਕਈ ਵੀ ਛਪਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੯੨. ਸੋਵੀਅਟ ਯੂਨੀਅਨ ਵਿਚ ਬਰਾਡਕਾਸਟਿੰਗ ਦਾ ਕੀ ਪ੍ਰਬੰਧ ਹੈ ?

੧੯੬੫ ਵਿਚ ਰੂਸੀ ਸਾਇੰਸਦਾਨ· ਏ. ਐਸ. ਪੋਪੋਵ ਨੇ ਰੇਡੀਓ ਟਰਾਂਸਮਿਸ਼ਨ ਦੀ ਕਾਢ ਕਢੀ। ਇਸ ਕਾਢ ਨੇ ਸਾਇੰਸ ਤੇ ਇੰਜੀਨੀਅਰਿੰਗ ਦੇ ਇਤਿਹਾਸ ਵਿਚ ਇਕ ਨਵਾਂ ਦੌਰ ਸ਼ੁਰੂ ਕੀਤਾ। ੧੯੧੧ ਵਿਚ, ਰੂਸ ਵਿਚ ਦੁਨੀਆਂ ਦਾ ਸਭ ਤੋਂ ਪਹਿਲਾ ਕੰਮ-ਕਰਦਾ ਟੈਲੀਵਿਯਨ ਸੈੱਟ ਤਿਆਰ ਹੋਇਆ।

੧੯੨੯ ਵਿਚ, ਨਿਜ਼ਨੀ ਨੋਵਗਰਾਡ ਰੇਡੀਉ ਲੈਬਾਰਟਰੀ ਵਲੋਂ ਬਰਾਡਕਾਸਟਿੰਗ ਸਰਵਿਸ ਦਾ ਉਦਘਾਟਨ ਹੋਇਆ। ਇਸ ਰੇਡੀਉ ਲੈਬਾਰਟਰੀ ਦੀ ਨੀਂਹ ਵੀ. ਆਈ. ਲੈਨਿਨ ਦੇ ਦਸਖਤ ਹੇਠ ਇਕ ਐਲਾਨ ਦੁਆਰਾ ਰਖੀ ਗਈ, ਇਸ ਪ੍ਰਕਾਰ ਸੋਵੀਅਟ ਯੂਨੀਅਨ ਰੇਡੀਉ ਸਰਵਿਸ ਸ਼ੁਰੂ ਕਰਨ ਵਾਲਾ ਪਹਿਲਾ ਦੇਸ਼ ਹੈ।

ਇਸ ਲਈ ਸੋਵੀਅਟ ਲੋਕਾਂ ਨੂੰ ਪੂਰਾ ਹਕ ਹੈ ਕਿ ਉਹ ਆਪਣੇ ਦੇਸ ਨੂੰ ਰੇਡੀਉ ਦਾ ਜਨਮ-ਦਾਤਾ ਸਮਝਣ।

ਸੋਵੀਅਟ ਬਰਾਡਕਾਸਟਿੰਗ ਸਰਵਿਸ ਪਾਸ ਲੰਮੀਆਂ, ਦਰਮਿਆਨੀ ਤੇ ਛੋਟੀਆਂ ਲਹਿਰਾਂ ਦੇ ਬਹੁਤ ਸਾਰੇ ਤਾਕਤਵਰ ਸਟੇਸ਼ਨ ਹਨ। ਸੋਵੀਅਟ ਯੂਨੀਅਨ ਵਿਚ ਵਸਦੀਆਂ ਸਭ ਕੌਮਾਂ ਤੇ ਲੋਕਾਂ ਦੀਆਂ ਜ਼ਬਾਨਾਂ ਵਿਚ ਬਰਾਡਕਾਸਟ ਕੀਤਾ ਜਾਂਦਾ ਹੈ।

ਰੇਡੀਉ ਸੈੱਟਾਂ ਤੋਂ ਇਲਾਵਾ, ਸੋਵੀਅਟ ਸ਼ਹਿਰੀ ਸ਼ਹਿਰਾਂ ਤੇ ਦੇਹਾਤੀ ਇਲਾਕਿਆਂ ਵਿਚ ਜਾਰੀ ਕੀਤੀ ਰੀਲੇ ਸਰਵਿਸ ਤੋਂ ਵੀ ਲਾਭ ਉਠਾਉਂਦੇ ਹਨ। ਇਸ ਸਰਵਿਸ ਰਾਹੀਂ ਇਕ ਲਾਊਡ-ਸਪੀਕਰ ਵਿਚ ਪਲੱਗ ਲਾ ਕੇ ਬਰਾਡਕਾਸਟ ਸੁਣੇ ਜਾ ਸਕਦੇ ਹਨ। ਵਡੇ ਥੀਏਟਰਾਂ, ਕਨਸਰਟ ਹਾਲਾਂ ਤੇ ਸਟੇਡੀਅਮਾਂ ਕੋਲ ਨਾਟਕ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਨਸਰਟ ਤੇ ਖੇਡ-ਮੁਕਾਬਲੇ ਬਰਾਡਕਾਸਟ ਕਰਨ ਦੀ ਪੂਰੀ ਮਸ਼ੀਨਰੀ ਹੁੰਦੀ ਹੈ।

ਪਿਛਲੇ ਸਾਲਾਂ ਵਿਚ ਟੈਲੀਵਿਯਨ ਨੇ ਵੀ ਬੜੀ ਤਰੱਕੀ ਕੀਤੀ ਹੈ। ਟੈਲੀਵਿਯਨ ਸਟੇਸ਼ਨ ਮਾਸਕੋ ਦੇ ਥੀਏਟਰਾਂ ਵਿਚ ਵਿਖਾਏ ਜਾ ਰਹੇ ਨਾਟਕਾਂ ਆਦਿ ਅਤੇ ਪ੍ਰਸਿਧ ਫ਼ਿਲਮਾ ਨੂੰ ਦਰਸਾਉਂਦੇ (ਟਰਾਂਸਮਿਟ ਕਰਦੇ) ਹਨ।

ਸੋਵੀਅਟ ਯੂਨੀਅਨ ਦੇ ਮੁਖ ਬਰਾਡਕਾਸਟਿੰਗ ਸਟੇਸ਼ਨ ਇਕੋ ਵੇਲੇ ੭੦ ਵਖੋ ਵਖ ਪ੍ਰੋਗਰਾਮ ਬਰਾਡਕਾਸਟ ਕਰਦੇ ਹਨ। ਰੀਪਬਲਿਕਾਂ ਤੇ ਪ੍ਰਦੇਸ਼ਾਂ ਦੇ ਸਟੇਸ਼ਨ ਆਪਣੇ ਪ੍ਰੋਗਰਾਮ ਬਰਾਡਕਾਸਟ ਕਰਦੇ ਹਨ।

ਸੋਵੀਅਟ ਰੇਡੀਉ ਸਟਸ਼ਨਾਂ ਦੇ ਬੂਹੇ ਲੋਕ-ਸੰਸਥਾਵਾਂ ਦੇ ਪ੍ਰਤੀਨਿਧਾਂ ਅੜੇ ਸਾਧਾਰਨ ਸ਼ਹਿਰੀਆਂ ਲਈ ਕਿਸੇ ਮਜ਼ਮੂਨ ਤੇ ਵੀ ਬੋਲਣ ਲਈ ਖੁਲ੍ਹੇ ਹਨ।

ਸੋਵੀਅਟ ਯੂਨੀਅਨ ਵਿਚ ਕੋਈ ਤਿਜਾਰਤੀ ਬਰਾਡਕਾਸਟਿੰਗ ਨਹੀਂ ਹੈ। ਰੇਡੀਉ ਲੋਕਾਂ ਦੀ ਜਾਇਦਾਦ ਹੈ, ਇਹ ਆਮ ਜਨਤਾ ਨੂੰ ਗਿਆਨ ਦੇਣ ਅਤੇ ਅਮਨ ਦੇ ਕਾਜ਼ ਨੂੰ ਪਰਚਾਰਨ ਤੇ ਅੱਗੇ ਖੜਨ ਦੇ ਨੇਕ ਮੰਤਵ ਦੀ ਪੂਰਤੀ ਲਈ ਕੰਮ ਕਰਦਾ ਹੈ।

੮੩. ਸੋਵੀਅਟ ਯੂਨੀਅਨ ਵਿਚ ਕਿੰਨੀਆਂ ਤੇ ਕਿਸ ਕਿਸਮ ਦੀਆਂ ਲਾਇਬਰੇਰੀਆਂ ਹਨ ?

ਸੋਵੀਅਟ ਯੂਨੀਅਨ ਵਿਚ ਹਰ ਪ੍ਰਕਾਰ ਦੀਆਂ ਤਿੰਨ ਲਖ ਅੱਸੀ ਹਜ਼ਾਰ ਲਾਇਬਰੇਰੀਆਂ ਹਨ, ਇਸ ਵਿਚ ਦੇਹਾਤੀ ਇਲਾਕਿਆਂ ਦੀਆਂ ਦੋ ਲਖ ਪਚਾਸੀ ਹਜ਼ਾਰ ਲਾਇਬਰੇਰੀਆਂ ਵੀ ਸ਼ਾਮਲ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਨ੍ਹਾਂ ਸਭਨਾਂ ਵਿਚ ਸੌ ਕਰੋੜ ਤੋਂ ਵੀ ਵਧ ਕਿਤਾਬਾਂ ਹਨ।

੧੯੧੪ ਦੇ ਜ਼ਾਰਸ਼ਾਹੀ ਰੂਸ ਵਿਚ ਕੁਲ ਮਿਲਾ ਕੇ ਸਾਢੇ ਬਾਰਾਂ ਹਜ਼ਾਰ ਲਾਇਬਰੇਰੀਆਂ ਸਨ।

ਮਾਸਕੋ ਦੀ ਲੈਨਿਨ ਸਟੇਟ ਪਬਲਿਕ ਲਾਇਬਰੇਰੀ ਵਿਚ ਇਕ ਕਰੋੜ ਸੱਠ ਲਖ ਪੁਸਤਕਾਂ ਅਤੇ ਅਖਬਾਰਾਂ ਤੇ ਮੈਗਜ਼ੀਨਾਂ ਦੇ ਜਿਲਦ-ਬੰਨ੍ਹੇ ਸੈੱਟ ਹਨ। ਲੈਨਿਨ ਗਰਾਡ ਦੀ ਸਾਲਤੀਕੋਵ-ਸ਼ਚੀਡਰਿਨ ਸਟੇਟ ਪਬਲਿਕ ਲਾਇਬਰੇਰੀ ਵਿਚ ਇਕ ਕਰੋੜ ਵੀਹ ਲਖ ਪੁਸਤਕਾਂ ਹਨ। ਇਹ ਦੋਵੇਂ ਲਾਇਬਰੇਰੀਆਂ ਦੁਨੀਆਂ ਭਰ ਵਿਚ ਸਭ ਤੋਂ ਵਡੀਆਂ ਹਨ। ਲੈਨਿਨ ਲਾਇਬਰੇਰੀ 'ਚੋਂ ਹਰ ਵਰ੍ਹੇ ਲਗ ਪਗ ਸੋਲਾਂ ਲਖ ਲੋਕ ਪੁਸਤਕਾਂ ਲੈ ਕੇ ਪੜ੍ਹਦੇ ਹਨ।

ਇਹ ਤੇ ਦੂਜੀਆਂ ਵਡੀਆਂ ਲਾਇਬੇਰੀਆਂ ਵਿਚ (ਤਾਸ਼ਕੰਦ, ਤਿਬਲਿਸੀ, ਯੈਰੀਵਾਨ ਤੇ ਦੂਜੇ ਸ਼ਹਿਰਾਂ ਦੀਆਂ) ਪੁਸਤਕਾਂ 'ਤੇ ਬਿਨਾ ਕਈ ਸਮਿਆਂ ਤੇ ਕੌਮਾਂ ਦੇ ਬੜੇ ਮਹਤਵ-ਪੂਰਨ ਮਸੌਦੇ ਤੇ ਹੋਰ ਸਾਹਿਤਕ ਯਾਦਗਾਰਾਂ ਦੇ ਵਡਮੁਲੇ ਸੰਗ੍ਰਹਿ ਵੀ ਹਨ।

ਸੋਵੀਅਟ ਯੂਨੀਅਨ ਵਿਚ ਭਾਵੇਂ ਕਿਤੇ ਵੀ ਕੋਈ ਪੁਸਤਕ, ਮੈਗਜ਼ੀਨ ਜਾਂ ਅਖਬਾਰ ਛਪੇ, ਕਾਨੂੰਨੀ ਤੌਰ ਤੇ ਉਹਦੀ ਸੁਫਤ ਕਾਪੀ ਚਾਲੀ ਤੋਂ ਉਪਰ ਲਾਇੰਬਰੇਰੀਆਂ ਨੂੰ ਭੇਜਣੀ ਪੈਂਦੀ ਹੈ।

ਇਸ ਮੰਤਵ ਨੂੰ ਮੁਖ ਰਖਦਿਆਂ ਕਿ ਦੂਰ ਦੁਰਾਡੇ ਸੂਬਿਆਂ ਵਿਚ ਵਸਦੇ ਲੋਕ ਵੀ ਇਹਨਾਂ ਵਡੀਆਂ ਵਡੀਆਂ ਲਾਇਬਰੇਰੀਆਂ ਵਿਚ ਜਮ੍ਹਾਂ ਹੋਏ ਸਭਿਆਚਾਰ ਦੇ ਖ਼ਜ਼ਾਨਿਆਂ ਤੋਂ ਲਾਭ ਉਠਾ ਸਕਣ, ਇਕ ਖ਼ਾਸ ਇੰਟਰ-ਲਾਇਬਰੇਰੀ ਚੰਦਾ ਸਰਵਿਸ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਦੁਆਰਾ ਸਥਾਨਕ ਲਾਇਬਰੇਰੀਆਂ ਕੇਂਦਰੀ ਲਾਇਬਰੇਰੀਆਂ ਤੋਂ ਵਡਮੁਲੀਆਂ ਤੇ ਵਿਰਲੀਆਂ ਪੁਸਤਕਾਂ ਆਰਜ਼ੀ ਵਰਤੋਂ ਲਈ ਉਧਾਰ ਲੈ ਸਕਦੀਆਂ ਹਨ।

ਸ਼ਹਿਰੀ ਤੇ ਜ਼ਿਲ੍ਹਾ ਲਾਇਬਰੇਰੀਆਂ ਵਿਚ ਸਭ ਪੁਸਤਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਰਕਾਰੀ ਬਜਟ ਚੋਂ ਮਿਲਣ ਵਾਲੀ ਰਕਮ ਨਾਲ਼ ਹੀ ਖਰੀਦੀਆਂ ਤੇ ਸੰਭਾਲੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਸਕੂਲਾਂ-ਪਹਿਲੀ ਉਮਰ ਦੇ ਬੱਚਿਆਂ ਅਤੇ ਹਰ ਉਮਰ ਦੇ ਬੱਚਿਆਂ ਲਈ ਲਾਇਬਰੇਰੀਆਂ, ਅਤੇ ਵਿਸ਼ੇਸ਼ ਸਾਇੰਸੀ ਤੇ ਟੈਕਨੀਕਲ ਲਾਇਬਰੇਰੀਆਂ ਵੀ ਸ਼ਾਮਲ ਹਨ।

ਇਨ੍ਹਾਂ ਤੋਂ ਬਿਨਾਂ, ਟ੍ਰੇਡ ਯੂਨੀਅਨਾਂ ਵਲੋਂ ਕਲੱਬਾਂ, ਫੈਕਟਰੀਆਂ ਤੇ ਦਫਤਰਾਂ ਵਿਚ ਕਾਇਮ ਕੀਤੀਆਂ ਅਨੇਕਾਂ ਲਾਇਬਰੇਰੀਆਂ ਹਨ। ਸਾਂਝੇ ਫਾਰਮਾਂ ਦੀਆਂ ਲਾਇਬਰੇਰੀਆਂ ਵੀ ਬੇਅੰਤ ਹਨ, ਜਿਨ੍ਹਾਂ ਵਿਚ ਨਿਤ ਨਵਾਂ ਵਾਧਾ ਹੁੰਦਾ ਰਹਿੰਦਾ ਹੈ।

ਸੋਵੀਅਟ ਰਾਜ ਵਿਚ ਲਾਇਬਰੇਰੀਆਂ ਦੇ ਸਿਸਟਮ ਨੂੰ ਫੈਲਾਣ ਤੇ ਚੰਗੇਰਾ ਬਨਾਣ ਲਈ ਬੜਾ ਕੁਝ ਕੀਤਾ ਗਿਆ ਹੈ ਤੇ ਇਸ ਵਿਚ ਬੜੀ ਉੱਨਤੀ ਹੋਈ ਹੈ। ਉਦਾਹਰਣ ਵਜੋਂ, ਗੋਰਕੀ ਦੇ ਮੋਟਰ-ਕਾਰਖਾਨੇ ਦੀ ਟ੍ਰੇਡ ਯੂਨੀਅਨ ਲਾਇਬਰੇਰੀ ਵਿਚ ੧੫੫,੦੦੦ ਪੁਸਤਕਾਂ ਤੇ ਹਜ਼ਾਰਾਂ ਹੀ ਪੜ੍ਹਨ ਵਾਲੇ ਹਨ, ਜਦ ਕਿ ਇਨਕਲਾਬ ਤੋਂ ਪਹਿਲਾਂ ਗੋਰਕੀ ਨਗਰ ਦੇ ਸਾਰੇ ਦੇ ਸਾਰੇ ਪ੍ਰਦੇਸ਼ ਦੀਆਂ ਕੁਲ ਲਾਇਬਰੇਰੀਆਂ ਵਿਚ ਸਿਰਫ ੧੦੩,੦੦੦ ਕਿਤਾਬਾਂ ਸਨ।

ਸੋਵੀਅਟ ਯੂਨੀਅਨ ਵਿਚ ਸਭ ਲਾਇਬਰੇਰੀਆਂ ਮੁਫਤ ਹਨ। ਸੋਵੀਅਟ ਯੂਨੀਅਨ ਦੀ ਤਰੱਕੀ ਦੀ ਪੰਜਵੀਂ ਪੰਜ-ਸਾਲਾ ਪਲੈਨ (੧੯੫੧–੧੯੫੫) ਅਨੁਸਾਰ ੧੯੫੦ ਦੇ ਟਾਕਰੇ ਤੇ ੧੯੫੫ ਵਿਚ ਪਬਲਿਕ ਲਾਇਬਰੇਰੀਆਂ ਦੇ ਫੈਲਾਉ ਵਿਚ ਘਟੋ ਘਟ ੩੦ ਫੀ ਸਦੀ ਵਾਧਾ ਹੋਵੇਗਾ।

੮੪. ਸੋਵੀਅਟ ਯੂਨੀਅਨ ਵਿਚ ਕਿਹੜੇ ਕਿਹੜੇ ਅਜਾਇਬ ਘਰ ਹਨ ?

ਸੋਵੀਅਟ ਯੂਨੀਅਨ ਦੇ ਹਰ ਵਡੇ ਸ਼ਹਿਰ ਤੇ ਅਨੇਕਾਂ ਜ਼ਿਲਾ ਕੇਂਦਰਾਂ ਵਿਚ ਇਤਿਹਾਸਕ, ਪ੍ਰਦੇਸ਼ਕ ਸਟੂਡੀਉ ਅਤੇ ਕੁਦਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਇੰਸੀ ਅਜਾਇਬ ਘਰ ਤੇ ਤਸਵੀਰਾ ਦੀਆਂ ਗੈਲਰੀਆਂ ਹਨ। ਕੁਲ ਮਿਲਾ ਕੇ ਦੇਸ ਭਰ ਵਿਚ ਇਕ ਹਜ਼ਾਰ ਤੋਂ ਉਪਰ ਅਜਾਇਬ ਘਰ ਹਨ।

ਮਾਸਕੋ ਦੇ ਲੈਨਿਨ ਅਜਾਇਬ ਘਰ ਵਿਚ ਹਜ਼ਾਰਾਂ ਦਰਸ਼ਕ ਰੋਜ਼ ਆਉਂਦੇ ਹਨ। ਇਸ ਦੇ ਦਸਤਾਵੇਜ਼ਾਂ ਦੇ ਸੰਗ੍ਰਹਿ ਅਤੇ ਦੂਜੀਆਂ ਵਸਤਾਂ ਸੋਵੀਅਟ ਸਟੇਟ ਦੇ ਮਹਾਨ ਮੋਢੀ ਦੇ ਜੀਵਨ ਤੇ ਕੰਮ ਨੂੰ ਦਰਸਾਉਂਦੀਆਂ ਹਨ। ਇਸ ਅਜਾਇਬ ਘਰ ਦੀਆਂ ਅਨੇਕਾਂ ਸ਼ਹਿਰਾਂ ਵਿਚ ਸ਼ਾਖਾਂ ਹਨ।

ਆਮ ਜਨਤਾ ਦੀ ਇੱਛਾ ਦਾ ਪਾਲਨ ਕਰਦਿਆਂ ਸੋਵੀਅਟ ਸਟੇਟ ਨੇ ਉਘੇ ਲੋਕ-ਸੇਵਕਾਂ, ਸਿਆਸਤਦਾਨਾਂ, ਲਿਖਾਰੀਆਂ, ਸੰਗੀਤਕਾਰਾਂ, ਕਲਾਕਾਰਾਂ ਤੇ ਸਾਇੰਸਦਾਨਾਂ ਦੇ ਘਰਾਂ ਤੇ ਸਬੰਧਤ ਜਾਇਦਾਦ ਨੂੰ ਅਜਾਇਬ ਘਰਾਂ ਵਿਚ ਬਦਲ ਦਿਤਾ ਹੈ।

ਗੋਰੀ (ਜਾਰਜੀਆ) ਵਿਚ ਛੋਟਾ ਜਿਹਾ ਘਰ ਜਿਥੇ ਜੇ. ਵੀ. ਸਟਾਲਿਨ ਦਾ ਜਨਮ ਹੋਇਆ ਸੀ ਤੇ ਉਹਨੇ ਬਚਪਨ ਗੁਜ਼ਾਰਿਆ ਸੀ, ਇਕ ਅਜਾਇਬਘਰ ਬਣਾ ਦਿਤਾ ਗਿਆ ਹੈ!

ਯਾਸਾਨੇਆ ਪੋਲੀਆਨਾ ਵਿਚ ਲਿਉ ਟਾਲਸਟਾਏ ਦੀ ਜ਼ਮੀਨ, ਮਾਸਕੋ ਦੇ ਨੇੜੇ ਕਲਿਨ ਵਿਚ ਤਚੈਕੋਵਸਕੀ ਦਾ ਘਰ; ਪਿਖੇਲੋਵਸਕੋਈ ਪਿੰਡ ਦੀਆਂ ਪੁਸ਼ਕਿਨ ਨਾਲ ਸਬੰਧਤ ਥਾਵਾਂ ਜੋ "ਪੁਸਕਨ ਸਥਾਨ" ਅਖਵਾਉਂਦੀਆਂ ਹਨ; ਕਾਲੁਗਾ ਵਿਚ ਕੇ. ਬੀ. ਤਸੀਉਲਕੋਵਸਕੀ ਦਾ ਘਰ ਅਤੇ ਹੋਰ ਬਹੁਤ ਸਾਰੇ ਥਾਂ ਤੇ ਘਰ ਅਜਾਇਬਘਰ ਬਣਾ ਦਿਤੇ ਗਏ ਹਨ।

ਜ਼ਾਰਾਂ ਦੇ ਮਹਿਲ ਅਤੇ ਓਸਟੈਨਕੀਨੋ, ਆਰਕੇਂਜਲਸਕੋਇਆ ਤੇ ਕੁਸਕੋਵੋ ਦੀਆਂ ਸਤਾਰ੍ਹਵੀਂ–ਅਠਾਰ੍ਹਵੀਂ ਸਦੀ ਦੀਆਂ ਪ੍ਰਸਿਧ ਮਿਲਖਾਂ ਵੀ ਅਜ ਆਮ ਜਨਤਾ ਲਈ ਖੁਲ੍ਹੀਆਂ ਹਨ।

ਲੈਨਿਨ ਗਰਾਡ ਦੇ ਹਰਮੀਟੇਜ਼ ਅਜਾਇਬ ਘਰ ਦੇ ਵਡੇ ਵਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਮਰਿਆਂ ਵਿਚ ਸਭ ਸਮਿਆਂ ਤੇ ਸਭ ਕੌਮਾਂ ਅਤੇ ਲੋਕਾਂ ਦੇ ਜੀਵਨ ਤੇ ਰਿਵਾਜਾਂ ਦੇ ਚਿਤਰਾਂ, ਬੁਤਾਂ ਤੇ ਯਾਦਗਾਰਾਂ ਦੇ ਸੰਸਾਰ ਦੇ ਸਭ ਤੋਂ ਵਡੇ ਸੰਗ੍ਰਹਿ ਸੋਵੀਅਟ ਜਨਤਾ ਦਾ ਮਾਣ ਹਨ।

ਮਾਸਕੋ ਦੀ ਤਰੈਤਿਆਕੋਵ ਮੂਰਤ-ਗੈਲਰੀ ਵਿਚ ਤੇ ਲੈਨਿਨ ਗਰਾਡ ਦੇ ਰੂਸੀ ਅਜਾਇਬ ਘਰ ਵਿਚ ਰੂਸੀ ਚਿਤਰਾਂ ਤੇ ਬੁੱਤਾਂ ਦੇ ਵਰਨਣਯੋਗ ਸੰਗ੍ਰਹਿ ਹਨ।

ਇਤਿਹਾਸਕ ਅਜਾਇਬ ਘਰਾਂ ਵਿਚ ਅਲੱਭ ਵਸਤੂਆਂ ਦੇ ਖਜ਼ਾਨੇ ਪਏ ਹਨ। ਇਨ੍ਹਾਂ ਵਿਚੋਂ ਸਭ ਤੋਂ ਵਡੇ ਇਤਿਹਾਸ ਦਾ ਅਜਾਇਬ ਘਰ, ਇਨਕਲਾਬ ਦਾ ਅਜਾਇਬ ਘਰ ਅਤੇ ਸੋਵੀਅਟ ਸੈਨਾ ਦਾ ਅਜਾਇਬ ਘਰ ਮਾਸਕੋ ਵਿਚ ਅਤੇ ਬਹਿਰੀ ਅਜਾਇਬ ਘਰ ਲੈਨਿਨ ਗਰਾਡ ਵਿਚ ਹਨ। ਮਿਨਰਾਲੋਜੀ (ਖਣਿਜ ਵਿਦਿਆ), ਆਰਕੀਓਲੋਜੀ (ਪ੍ਰਾਚੀਨ ਵਸਤ ਵਿਦਿਆ), ਐਥਨੋਗ੍ਰਾਫੀ, ਸਾਇੰਸ ਤੇ ਟੈਕਨਾਲੋਜੀ ਦਾ ਇਤਿਹਾਸ ਆਦਿ ਨਾਲ ਸਬੰਧਤ ਕੁਦਰਤੀ ਸਾਇੰਸਾਂ ਦੇ ਅਜਾਇਬ ਘਰ ਵੀ, ਜਿਨ੍ਹਾਂ ਦਾ ਪਬੰਧ ਸਾਇੰਸੀ ਅਦਾਰੇ ਤੇ ਯੂਨੀਵਰਸਿਟੀਆਂ ਕਰਦੀਆਂ ਹਨ, ਆਮ ਜਨਤਾ ਲਈ ਖੁਲ੍ਹੇ ਹਨ।

ਅਜਾਇਬਘਰਾਂ ਵਿਚ ਪ੍ਰਵੇਸ਼ ਆਮ ਤੌਰ ਤੇ ਮੁਫਤ ਹੁੰਦਾ ਹੈ। ਜੇ ਕਿਤੇ ਫੀਸ ਲਗਦੀ ਵੀ ਹੈ ਤਾਂ ਉਹ ਨਾਂ ਮਾਤਰ ਹੀ ਹੁੰਦੀ ਹੈ। ਅਜਾਇਬਘਰਾਂ ਦੇ ਦਰਸ਼ਕਾਂ ਦੀ ਅਗਵਾਈ ਲਈ ਯੋਗ ਗਾਈਡ ਤੇ ਵਿਗਿਆਨਿਕ ਸਲਾਹਕਾਰ ਰਖੇ ਹੁੰਦੇ ਹਨ।

੮੫. ਸੋਵੀਅਟ ਪਿੰਡਾਂ ਵਿਚ ਕਿਹੜੀਆਂ ਸਭਿਆਚਾਰਕ ਸੰਸਥਾਵਾਂ ਹਨ?

ਸੋਵੀਅਟ ਯੂਨੀਅਨ ਦੇ ਪਿੰਡਾਂ ਵਿਚ ੧੦੭,੦੦੦ ਕਲੱਬਾਂ ਰੀਡਿੰਗ ਰੂਮ ਤੇ ਸਭਿਆਚਾਰਕ ਕੇਂਦਰ ਅਤੇ ੨੮੫,੦੦੦

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਾਇਬਰੇਰੀਆਂ ਹਨ। ਇਹ ਸਭ ਸਥਾਵਾਂ ਲੋਕਾਂ ਵਿਚ ਬੜਾ ਵੱਡਾ ਸਭਿਆਚਾਰਕ ਤੇ ਤਾਲੀਮੀ ਕੰਮ ਕਰ ਰਹੀਆਂ ਹਨ।

ਉਹ ਸਾਹਿਤਕ, ਸ਼ੌਕੀਆ ਕਲਾ ਤੇ ਦੂਜੇ ਕੇਂਦਰ ਚਲਾਂਦੀਆਂ ਹਨ। ਇਕੱਲੀ ਰੂਸੀ ਫੈਡਰੇਸ਼ਨ ਦੇ ਪਿੰਡਾਂ ਵਿਚ ਹੀ ਸਿਰਫ ਸ਼ੌਕੀਆ ਨਾਟਕੀ ਸੋਸਾਇਟੀਆਂ ਦੇ ਪੰਜ ਲਖ ਤੋਂ ਉਪਰ ਮੈਂਬਰ ਹਨ, ਦੂਜੇ ਸ਼ੌਕੀਆ ਕਲਾ ਕੇਂਦਰ ਵਖਰੇ ਹਨ।

੧੯੪੦ ਦੇ ਟਾਕਰੇ ਤੇ ਰੂਸੀ ਫੈਡਰੇਸ਼ਨ ਦੀਆਂ ਪਿੰਡ-ਕਲਬਾਂ ਦੀ ਗਿਣਤੀ ਵਿਚ ਤਿੰਨ ਗੁਣਾਂ ਤੋਂ ਵੀ ਬਹੁਤਾ ਵਾਧਾ ਹੋ ਗਿਆ ਹੈ।

ਜੰਗ ਮਗਰੋਂ ਅਨੇਕਾਂ ਪਿੰਡਾਂ ਵਿਚ ਕ੍ਰਾਸ਼ਨ-ਕੋਂਦਰ ਖੋਹਲੇ ਗਏ ਹਨ। ਉਹ ਸਾਂਝੇ ਕਿਸਾਨਾਂ ਲਈ ਆਮ ਵਿਗਿਆਨਿਕ ਮਸਲਿਆਂ, ਕੌਮਾਂਤਰੀ ਮਾਮਲਿਆਂ ਅਤੇ ਸਮਾਜਕ ਤੇ ਰਾਜਸੀ ਵਿਸ਼ਿਆਂ ਤੇ ਲੈਕਚਰਾਂ ਤੇ ਗਲ-ਬਾਤ ਦਾ ਪ੍ਰਬੰਧ ਕਰਦੇ ਹਨ। ਇਹ ਲੈਕਚਰ ਸਥਾਨਕ ਵਿਦਵਾਨ ਜਾਂ ਬਾਹਰੋਂ ਆਏ ਲੈਕਚਰਾਰ ਦੇਂਦੇ ਹਨ।

੮੬. ਸਭਿਆਚਾਰ-ਮਹੱਲ ਅਤੇ ਦਿਲ ਪਰਚਾਵੇ ਦੀਆਂ ਪਾਰਕਾਂ ਕੀ ਹਨ ?

"ਸਭਿਆਚਾਰ-ਮਹੱਲ" ਵਡੀਆਂ ਵਡੀਆਂ ਕਲੱਬਾਂ ਨੂੰ ਆਖਿਆ ਜਾਂਦਾ ਹੈ, ਜਿਹੜੀਆਂ ਵਡੀਆਂ ਵਡੀਆਂ ਫੈਕਟਰੀਆਂ ਅਤੇ ਵਡੇ ਸਨਅਤੀ ਰਕਬਿਆਂ ਨਾਲ ਸੰਬੰਧਤ ਹੁੰਦੀਆਂ ਹਨ।

ਟ੍ਰੇਡ ਯੂਨੀਅਨਾਂ ਇਨ੍ਹਾਂ ਨੂੰ ਚਲਾਉਂਦੀਆਂ ਹਨ। ਮਿਸਾਲ ਲਈ ਮੈਗਨੀਨੋਗੋਰਸਕ ਦੇ ਲੋਹੇ ਤੇ ਫੌਲਾਦ ਦੇ ਕਾਰਖਾਨੇ ਦੇ ਸਭਿਆਚਾਰ ਮਹੱਲ ਨੂੰ ਲਓ। ਇਸ ਵਿਚ ਇਕ ਆਡੀਟੋਰੀਅਮ (ਮੀਟਿੰਗ ਲਈ ਹਾਲ ਕਮਰਾ), ੧੭੦,੦੦੦ ਪੁਸਤਕਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਾਇਬਰੇਰੀ, ਇਕ ਇੰਜੀਨੀਅਰ ਹਾਲ ਅਤੇ ਇਕ ਲੈਕਚਰ ਹਾਲ ਜਿਸ ਵਿਚ ਸਿਨੇਮੇ ਦੀ ਮਸ਼ੀਨਰੀ ਵੀ ਲਗੀ ਹੋਈ ਹੈ, ਹਨ। ਅਨੇਕਾਂ ਸ਼ੌਕੀਆ ਕਲਾ ਕੇਂਦਰ ਇਸ ਮਹੱਲ ਨੂੰ ਆਪਣੇ ਮਤਲਬ ਲਈ ਵਰਤਦੇ ਹਨ, ਅਤੇ ਇਸ ਦੇ ਕਮਰਿਆਂ ਵਿਚ ਬਾਲ-ਸਰਗਰਮੀਆਂ ਦਾ ਸਾਮਾਨ ਵੀ ਰਖਿਆ ਹੋਇਆ ਹੈ।

ਸੋਵੀਅਟ ਟਰੇਡ ਯੂਨੀਅਨਾਂ ਕੋਲ ੯,੪੨੦ ਸਭਿਆਚਾਰ ਮਹੱਲ ਅਤੇ ਸਭਿਆਚਾਰ ਕੇਂਦਰ ਤੇ ਕਲੱਬਾਂ ਹਨ, ਜਿਨ੍ਹਾਂ 'ਚੋਂ ੬੦੦ ਜੰਗ ਮਗਰੋਂ ਬਣੀਆਂ ਹਨ।

ਦਿਲ ਪਰਚਾਵੇ ਦੀਆਂ ਪਾਰਕਾਂ ਸ਼ਹਿਰਾਂ ਤੇ ਸਨਅਤੀ ਬਸਤੀਆਂ ਵਿਚ, ਸਰਕਾਰੀ ਤੇ ਸਾਂਝੇ ਫਾਰਮਾਂ ਵਿਚ ਮਿਲਦੀਆਂ ਹਨ। ਇਹ ਰਜਵੇਂ ਦਿਲ-ਪਰਚਾਵੇ ਲਈ ਕਾਫ਼ੀ ਸਹੂਲਤਾਂ ਮੁਹਈਆ ਕਰਦੀਆਂ ਹਨ। ਬਹੁਤੀਆਂ ਪਾਰਕਾਂ ਵਿਚ ਖੇਡ-ਗਰਾਊਂਡਾਂ ਹਨ, ਉਹ ਫ਼ਿਲਮਾਂ, ਨਾਟਕ ਤੇ ਕਨਸਰਟ ਸਟੇਜ ਕਰਦੀਆਂ ਹਨ।

ਇਨ੍ਹਾਂ ਪਾਰਕਾਂ 'ਚੋਂ ਸਭ ਤੋਂ ਪ੍ਰਸਿਧ ਮਾਸਕੋ ਦਾ ਗੋਰਕੀ ਦਿਲ-ਪਰਚਾਵਾ ਪਾਰਕ ਹੈ। ਮਾਸਕੋ ਨਦੀ ਤੇ ਸਥਿਤ ਇਹ ੨੯੭ ਹੈਕਟੇਅਰ ਦੇ ਘੇਰੇ ਵਿਚ (ਇਕ ਵਰਗ ਮੀਲ ਤੋਂ ਉਪਰ) ਹੈ। ਗਰਮੀਆਂ ਦੀ ਰੁਤ ਵਿਚ ਇਥੇ ਹਰ ਰੋਜ਼ ਮਾਸਕੋ ਦੇ ਹਜ਼ਾਰਾਂ ਹੀ ਵਸਨੀਕ ਆਉਂਦੇ ਹਨ।

੮੭. ਸੋਵੀਅਟ ਸ਼ਹਿਰਾਂ ਦੀ ਰੂਪ ਰੇਖਾ ਵਿਚ ਕੀ ਤਬਦੀਲੀ ਆ ਗਈ ਹੈ ?

ਸੋਵੀਅਟ ਯੂਨੀਅਨ ਵਿਚ ਹੋਈਆਂ ਮਹਾਨ ਸੋਸ਼ਲਿਸਟ ਤਬਦੀਲੀਆਂ ਖਾਸ ਤੌਰ ਤੇ ਸੋਵੀਅਟ ਸ਼ਹਿਰਾਂ ਦੇ ਰੰਗ ਢੰਗ ਵਿਚ ਪ੍ਰਗਟ ਹੁੰਦੀਆਂ ਹਨ। ਇਨਕਲਾਬ ਤੋਂ ਪਿਛੋਂ ੧੨੮੦ ਸ਼ਹਿਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਮੁੜ-ਉਸਾਰੀ ਕੀਤੀ ਗਈ ਹੈ ਅਤੇ ੪੦੦ ਦੇ ਕਰੀਬ ਨਵੇਂ ਸ਼ਹਿਰ ਉਸਾਰੇ ਗਏ ਹਨ ।

ਧੁਰ ਪੂਰਬ ਵਿਚ, ਅਮੂਰ ਦਰਿਆ ਉਤੇ ਕੋਮਸੋਮੋਲਸਕ ਦਾ ਸ਼ਹਿਰ ਸਥਿਤ ਹੈ। ਵੀਹ ਵਰ੍ਹੇ ਪਹਿਲਾਂ ਜਦੋਂ ਪਹਿਲੇ ਉਸਰਈਏ ਇਸ ਥਾਂ ਅਪੜੇ ਤਾਂ ਇਥੇ ਜੰਗਲ ਹੀ ਜੰਗਲ ਸੀ। ਹੁਣ ਇਸ਼ ਸ਼ਹਿਰ ਵਿਚ ਫੈਕਟਰੀਆਂ, ਮਿੱਲਾਂ, ੩੬ ਸਕੂਲ, ੧੬ ਕਲੱਬਾਂ, ੩੦ ਲਾਇਬਰੇਰੀਆਂ, ਇਕ ਥੀਏਟਰ, ਇਕ ਸੱਭਿਆਚਾਰ-ਮਹੱਲ, ੧੧ ਹਸਪਤਾਲ, ਇਕ ਸਟੇਡੀਅਮ ਅਤੇ ਦੋ ਦਿਲ-ਪਰਚਾਵਾ ਪਾਰਕਾਂ ਹਨ ।

ਸਿਰਫ ਪੰਦਰਾਂ ਵਰ੍ਹੇ ਪਹਿਲਾਂ ਦੀ ਗਲ ਹੈ ਕਿ ਚਿੱਟੇ-ਸਾਗਰ ਦੇ ਬੰਜਰ, ਬੇਆਬਾਦ ਕੰਢੇ ਉਤੇ, ਇਕ ਪ੍ਰਾਚੀਨ ਉਜੜੀ ਹੋਈ ਖਾਨਗਾਹ ਦੇ ਨੇੜੇ, ਪੋਲੋਟੇਵਸਕ ਸ਼ਹਿਰ ਦੀ ਬੁਨਿਆਦ ਰਖੀ ਗਈ । ਅਜ ਇਹ ਇਕ ਨਵੀਨ ਨਗਰ ਤੇ ਅਰਖਾਨਗੇਲਸਕ ਪ੍ਰਦੇਸ਼ ਵਿਚ ਦੂਜਾ ਵਡਾ ਸ਼ਹਿਰ ਹੈ ।

ਉਤਰੀ ਹਿੰਮ ਵ੍ਰਿਤ ਤੋਂ ਪਰੇ, ਕਿਬਿਨੀ ਟੁੰਡਰਾ ਦੇ ਐਨ ਵਿਚਕਾਰ, ਕੀਰੋਵਸਕ ਦਾ ਨਵਾਂ ਨਗਰ ਵਸਿਆ ਹੋਇਆ ਹੈ । ਧੁਰ ਉਤਰ ਦੇ ਹਿੰਮ ਪ੍ਰਦੇਸ਼ ਵਿਚ ਵੋਰਕੁਤਸ, ਨੋਰਿਲਸਕ ਤੇ ਇਗਾਰਕਾ ਦੇ ਵਡੇ ਵਡੇ ਨਗਰ ਉਸਰੇ ਹੋਏ ਹਨ ।

ਦਖਣੀ ਯੂਰਾਲ ਦੇ ਮੈਗਨੀਤਾਨੀਆ ਪਰਬਤ ਦੇ ਪੈਰਾਂ ਵਿਚ ਮੈਗਨੀਤੋਗੋਰਸਕ ਦਾ ਸ਼ਹਿਰ ਵਸਾਇਆ ਗਿਆ ਹੈ । ਇਹ ਸੋਵੀਅਟ ਰੂਸ ਦਾ ਇਕ ਸਭ ਤੋਂ ਵਡਾ ਤੇ ਸਭ ਤੋਂ ਨਵੀਨ ਸ਼ਹਿਰ ਹੈ ।

ਸਾਏਬੇਰੀਆ ਵਿਚ ਸਟਾਲਿੰਸਕ, ਕੈਮੋਰੋਵੋ, ਪਰੋਕੋਪੀਵਸਕ, ਲੈਨਿਨਸਕ, ਕੁਜ਼ਨੇਤਸਕੀ ਆਦਿ ਦਰਜਨਾਂ ਨਵੇਂ ਸ਼ਹਿਰ ਉਸਾਰੇ ਗਏ ਹਨ ।

ਸੋਵੀਅਟ ਸ਼ਹਿਰਾਂ ਵਿਚ ਮਕਾਨਾਂ ਦੀ ਉਸਾਰੀ ਬੜੇ ਭਾਰੀ ਪੈਮਾਨੇ ਤੇ ਹੋ ਰਹੀ ਹੈ । ਸਿਰਫ ਜੰਗ-ਮਗਰਲੇ ਵਰ੍ਹਿਆਂ ਵਿਚ ਸ਼ਹਿਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਸਨਅਤੀ ਬਸਤੀਆਂ ਵਿਚ ਉਸਾਰੀਆਂ ਗਈਆਂ ਰਿਹਾਇਸ਼ੀ ਇਮਾਰਤਾਂ ਦਾ ਕੁਲ ਫਰਸ਼ੀ ਰਕਬਾ ੧੯੩੦ ਲਖ ਵਰਗ ਮੀਟਰ ਤੋਂ ਵੀ ਬਹੁਤਾ ਹੈ।

ਸੋਵੀਅਟ ਯੂਨੀਅਨ ਦੇ ਸਭ ਤੋਂ ਸੁੰਦਰ ਸ਼ਹਿਰ ਮਾਸਕੋ, ਲੈਨਿਨ ਗਰਾਡ ਅਤੇ ਯੂਨੀਅਨ ਰੀਪਬਲਿਕਾਂ ਦੀਆਂ ਰਾਜਧਾਨੀਆਂ ਓਬਲਿਬੀ, ਰੀਗਾ, ਕੀਵ, ਤਾਸ਼ਕੰਦ ਆਦਿ ਹਨ।

ਉੱਨ੍ਹੀ ਵਰ੍ਹੇ ਹੋਏ, ਮਾਸਕੋ ਦੀ ਮੁੜ-ਉਸਾਰੀ ਲਈ ਪਲੈਨ ਪਰਵਾਨ ਹੋਈ ਸੀ। ਹੁਣ ਇਸ ਪਲੈਨ ਦਾ ਬਹੁਤਾ ਹਿੱਸਾ ਸਿਰੇ ਚੜ੍ਹ ਚੁਕਿਆ ਹੈ।

ਸ਼ਹਿਰ ਦੇ ਕੇਂਦਰ–ਲਾਲ ਚੌਕ ਤੇ ਕਰੈਮਲਿਨ–ਤੇ ਉਚੀਆਂ ਖੂਬਸੂਰਤ ਇਮਾਰਤਾਂ ਵਾਲੇ ਨਵੇਂ ਚੌੜੇ ਬਾਜ਼ਾਰ ਬਣਾਏ ਗਏ ਹਨ।

ਫੈਕਟਰੀਆਂ ਦੁਆਲੇ ਨਵੇਂ ਤੇ ਚੰਗੇਰੇ ਮਹੱਲੇ ਪੁਰਾਣੀਆਂ ਤੰਗ ਗਲੀਆਂ ਦੀ ਥਾਂ ਉਸਰ ਆਏ ਹਨ। ਰਾਜਧਾਨੀ ਦੀ ਮੁੜ-ਉਸਾਰੀ ਦੀ ਆਮ ਪਲੈਨ ਦੇ ਅਧੀਨ ਚਾਲੂ ਪੰਜ-ਸਾਲਾ ਪਲੈਨ ਦੇ ਦੌਰ ਵਿਚ ਮਾਸਕੋ ਵਿਚ ੧੦੪,੬੨੫ ਚਾਲੀ ਵਰਗ ਮੀਟਰੀ ਫਲੈਟ ਉਸਾਰੇ ਜਾਣਗੇ। ਜੰਗ-ਮਗਰਲੀ ਪਹਿਲੀ ਪੰਜ-ਸਾਲਾ ਪਲੈਨ ਦੇ ਸਮੇਂ ਵਿਚ ਹੋਈ ਉਸਾਰੀ ਦੇ ਟਾਕਰੇ ਤੇ ਇਹ ਲਗ ਪਗ ਤਿੰਨ ਗੁਣਾ ਹੈ। ਇਹਨਾਂ ਵਿਚ ਪੰਜਵੀਂ ਪੰਜ-ਸਾਲਾ ਪਲੈਨ ਦੇ ਪਹਿਲੇ ਤਿੰਨ ਵਰ੍ਹਿਆਂ ਵਿਚ ੫੮,੨੨੫ ਫਲੈਟ ਬਣ ਚੁਕੇ ਹਨ। ੧੯੫੪ ਵਿਚ ਅਜੇਹੇ ੨੨,੫੦੦ ਫਲੈਟ ਮਾਸਕੋ-ਵਾਸੀਆਂ ਲਈ ਹੋਰ ਬਣ ਜਾਣਗੇ।

੧੯੫੧ ਵਿਚ ਉਚੀਆਂ ਇਮਾਰਤਾਂ (੩੭ ਮੰਜ਼ਲਾਂ ਤਕ) ਦੀ ਉਸਾਰੀ ਬੜੇ ਵਡੇ ਪੈਮਾਨੇ ਤੇ ਸ਼ੁਰੂ ਹੋਈ। ੧੯੫੨ ਦੇ ਅੰਤ ਤਕ ਇਹਨਾਂ 'ਚੋਂ ਬਹੁਤੀਆਂ ਇਮਾਰਤਾਂ ਵਿਚ ਮਾਸਕੋ ਵਾਸੀ ਰਹਿਣ ਲਗ ਪਏ ਹਨ।

ਮਾਸਕੋ ਵਿਚ ਦੁਨੀਆਂ ਭਰ ਵਿਚ ਸਭ ਤੋਂ ਵਧੀਆ ਅੰਡਰ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਰਾਊਂਡ (ਜ਼ਮੀਨ ਹੇਠਲੀ) ਰੇਲਵੇ ਹੈ। ਇਹ ਸੋਵੀਅਟ ਦੌਰ ਦੀ ਇਕ ਬੇਮਿਸਾਲ ਰਚਨਾ ਹੈ। ਇਸ ਦੁਆਰਾ ਹਰ ਰੋਜ਼ ਵੀਹ ਲਖ ਮੁਸਾਫਰ ਸਫਰ ਕਰਦੇ ਹਨ।

ਸੋਵੀਅਟ ਯੂਨੀਅਨ ਵਿਚ ਸ਼ਹਿਰਾਂ ਨੂੰ ਚੰਗੇਰਾ ਬਨਾਣ ਤੇ ਉੱਨਤ ਕਰਨ ਦਾ ਕੰਮ ਸਟੇਟ ਨੈਸ਼ਨਲ ਆਰਥਕ ਪਲੈਨ ਵਿਚ ਸ਼ਾਮਲ ਹੈ।

ਬਹੁਤ ਸਾਰੇ ਵਿਗਿਆਨਿਕ ਖੋਜ-ਅਦਾਰੇ ਤੇ ਮਿਉਨਸੀਪਲ ਆਰਥਕਤਾ ਦੀ ਅਕੈਡੇਮੀ ਸ਼ਹਿਰਾਂ ਨੂੰ ਚੰਗੇਰਾ ਬਨਾਣ ਦੀਆਂ ਸਮਸਿਆਵਾਂ ਤੇ ਕੰਮ ਕਰ ਰਹੇ ਹਨ। ਸੋਵੀਅਟ ਯੂਨੀਅਨ ਵਿਚ ਅਨੇਕਾਂ ਉਚ-ਵਿਦਿਅਕ ਸਕੂਲ ਹਨ ਜਿਥੇ ਆਰਕੀਟੈਕਟ (ਭਵਨ-ਨਿਰਮਾਨ ਕਲਾਕਾਰ) ਤੇ ਇੰਜੀਨੀਅਰ ਮਿਉਨਸੀਪਲ ਉਸਾਰੀ ਵਿਚ ਵਿਸ਼ੇਸ਼ ਸਿਖਿਆ ਪ੍ਰਾਪਤ ਕਰ ਰਹੇ ਹਨ।

੮੮. ਸੋਵੀਅਟ ਯੂਨੀਅਨ ਵਿਚ ਖੇਡਾਂ ਦੀ ਤਰੱਕੀ ਕਿਵੇਂ ਹੋਈ ਹੈ?

ਸੋਵੀਅਟ ਯੂਨੀਅਨ ਵਿਚ ਆਚਰਣਕ ਤੇ ਸਰੀਰਕ ਤਕੜਾਈ ਦੇ ਸਰਬ-ਪੱਖੀ ਵਾਧੇ ਲਈ ਖੇਡਾਂ ਇਕ ਅਹਿਮ ਸਾਧਨ ਹਨ।

ਸੋਵੀਅਟ ਯੂਨੀਅਨ ਵਿਚ ਕੋਈ ਪੇਸ਼ਾਵਰ ਖਿਡਾਰੀ ਨਹੀਂ ਹਨ ਜਿਹੜੇ ਖੇਡਾਂ ਨੂੰ ਵਪਾਰ ਬਣਾ ਕੇ ਲੋਕਾਂ ਪਾਸ ਆਪਣਾ ਹੁਨਰ ਵੇਚਦੇ ਹਨ ਤੇ ਨਾ ਹੀ ਸੋਵੀਅਟ ਯੂਨੀਅਨ ਵਿਚ ਅਜੇਹੇ ਲੋਕ ਹੀ ਹਨ। ਸੋਵੀਅਟ ਖਿਡਾਰੀ ਮਿਹਨਤਕਸ਼ ਲੋਕ ਹਨ ਜਿਹੜੇ ਆਪਣਾ ਵਿਹਲਾ ਸਮਾਂ ਆਪਣੀਆਂ ਮਨ-ਪਸੰਦ ਖੇਡਾਂ ਨੂੰ ਦੇਂਦੇ ਹਨ। ਮਜ਼ਦੂਰ ਤੇ ਸਾਂਝੇ ਕਿਸਾਨ, ਸਕੂਲਾਂ ਦੇ ਬੱਚੇ ਤੇ ਸਾਇੰਸਦਾਨ, ਲਿਖਾਰੀ ਤੇ ਕਲਾਕਾਰ, ਗਲ ਕੀ ਹਰ ਸਨਅਤ ਤੇ ਪੇਸ਼ੇ ਦੇ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਰ ਉਮਰ ਦੇ ਲੋਕ ਸਭ ਖੇਡਾਂ ਵਿਚ ਹਿੱਸਾ ਲੈਂਦੇ ਹਨ । ਉਹ ਖੇਡ-ਸੋਸਾਇਟੀਆਂ (ਕਲੱਬਾਂ) ਦੇ ਮੈਂਬਰ ਹਨ ਅਤੇ ਇਨ੍ਹਾਂ ਸੋਸਾਇਟੀਆਂ ਦੇ ਪ੍ਰਤੀਨਿਧਾਂ ਦੇ ਰੂਪ ਵਿਚ ਖੇਡ-ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ ।

ਬਹੁਤ ਪ੍ਰਸਿਧ ਖੇਡ-ਸੋਸਾਇਟੀਆਂ ਡਿਨਾਮੋ ਸਪਾਰਤਾਕ ਤੇ ਸੋਵੀਅਟ ਸੈਨਾ ਦਾ ਕੇਂਦਰੀ-ਘਰ ਹਨ । ਟਰੇਡ ਯੂਨੀਅਨ ਦੀਆਂ ਖੇਡ-ਸੋਸਾਇਟੀਆਂ : ਜ਼ੀਨਥ (ਇੰਜਨੀਅਰ), ਲੋਕੋਮੋਟਿਵ (ਰੇਲਵਾਈ), ਤਾਰਪੀਡੋ (ਮੋਟਰ ਕਾਰ ਕਾਮੇ), ਸੋਵੀਅਟ ਦੇ ਖੰਭ (ਹਵਾਈ ਜਹਾਜ਼ ਬਨਾਉਣ ਵਾਲੇ) ਅਤੇ ਹੋਰ ਬਹੁਤ ਸਾਰੀਆਂ ਸੋਸਾਇਟੀਆਂ ਨੇ ਭਾਰੀ ਪ੍ਰਸਿਧੀ ਪ੍ਰਾਪਤ ਕਰ ਲਈ ਹੈ ।

ਦੇਹਾਤੀ ਖੇਡ-ਸੋਸਾਇਟੀਆਂ, ਜਿਹੜੀਆਂ ਯੂਨੀਅਨ ਰੀਪਬਲਿਕਾਂ ਵਿਚ ਸਥਾਪਤ ਤੇ ਉੱਨਤ ਹੋਈਆਂ ਹਨ, ਦੇ ਮੈਂਬਰਾਂ ਦੀ ਗਿਣਤੀ ਕਰੋੜਾਂ ਵਿਚ ਹੈ ਅਤੇ ਸਾਂਝੇ ਫਾਰਮਾਂ ਦੇ ਖਿਡਾਰੀਆਂ ਵਿਚ ਬੜੇ ਵਧੀਆ ਸਕਾਇੰਗ ਸਾਈਕਲਿੰਗ ਤੇ ਟਰੈਕ-ਐਂਡ-ਫੀਲਡ ਖਿਡਾਰੀ ਹਨ ਅਤੇ ਸ਼ਤਰੰਜ ਦੇ ਖਿਡਾਰੀ ਵੀ, ਜਿਨ੍ਹਾਂ ਨੂੰ ਸੋਵੀਅਟ ਯੂਨੀਅਨ ਦਾ ਅਤੀ ਚਾਹਿਆ ਜਾਂਦਾ "ਖੇਡ ਦੇ ਉਸਤਾਦ" ਦਾ ਖਿਤਾਬ ਪ੍ਰਾਪਤ ਕਰਨ ਦਾ ਮਾਣ ਹੈ ।

ਸਾਲ ਦੇ ਸਾਲ ਸਰੀਰਕ-ਵਿਕਾਸ ਦੀਆਂ ਸੰਸਥਾਵਾਂ ਵਧ ਤੋਂ ਵਧ ਜਨਤਕ ਸੰਸਥਾਵਾਂ ਬਣ ਰਹੀਆਂ ਹਨ । ਸੋਵੀਅਟ ਯੂਨੀਅਨ ਵਿਚ ਖਿਡਾਰੀਆਂ ਦੀ ਕੁਲ ਗਿਣਤੀ ਕਰੋੜਾਂ ਵਿਚ ਹੈ ।

ਸੋਵੀਅਟ ਹਕੂਮਤ ਸਰੀਰਕ ਸਿਖਿਆ ਦੀ ਉਨਤੀ ਅਤੇ ਸਟੇਡੀਅਮ, ਤਰਨ ਦੇ ਤਾਲਾਬ, ਜ਼ਿਮਨੇਜ਼ੀਅਮ ਤੇ ਖੇਡ-ਮੈਦਾਨ ਬਨਾਣ ਲਈ ਭਾਰੀ ਰਕਮਾਂ ਮਨਜ਼ੂਰ ਕਰਦੀ ਹੈ । ਸੋਵੀਅਟ ਯੂਨੀਅਨ ਵਿਚ ਹਰ ਪ੍ਰਕਾਰ ਦੇ ਸਾਮਾਨ ਨਾਲ ਭਰਪੂਰ ੨੬੦੦ ਸਟੇਡੀਅਮ, ੨੫,੦੦੦ ਫੁਟਕਲ ਫੀਲਡਾਂ, ਢਾਈ ਲਖ ਤੋਂ ਉਪਰ ਵਾਲੀਬਾਲ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਾਸਕਟਬਾਲ ਤੇ ਜਿਮਨਾਸਟਿਕ ਦੀਆਂ ਗਰਾਊਂਡਾਂ, ਲਗ ਪਗ ੫੦੦੦ ਜਿਮਨੇਜ਼ੀਅਮ (ਕਸਰਤ-ਘਰ), ੨੫੦੦ ਤਾਲਾਬ, ਸੈਂਕੜੇ ਹੀ ਬੇੜੀਆਂ ਚਲਾਣ ਦੇ ਤੇ ਸਕਾਈਂਗ ਕੋਂਦਰ, ਟੈਨਿਸ ਕੋਰਟਾਂ, ਆਦਿ ਹਨ। ਇਹ ਸਭ ਚੀਜ਼ਾਂ ਸਣੇ ਖੇਡਾਂ ਦੇ ਹਰ ਪ੍ਰਕਾਰ ਦੇ ਸਾਮਾਨ ਦੇ ਅਤੇ ਉਸਤਾਦਾਂ ਤੇ ਸਿਖਾਊਆਂ ਦੁਆਰਾ ਦਿਤੀ ਜਾਂਦੀ ਟ੍ਰੇਨਿੰਗ ਦੇ ਸੋਵੀਅਟ ਸਰੀਰ-ਵਿਕਾਸ ਦੇ ਚਾਹਵਾਨਾਂ ਨੂੰ ਮੁਫਤ ਪ੍ਰਾਪਤ ਹੁੰਦੀਆਂ ਹਨ।

ਸੋਵੀਅਟ ਯੂਨੀਅਨ ਵਿਚ ਖੇਡ-ਉਸਤਾਦਾਂ ਨੂੰ ਸਿਖਲਾਈ ਲਈ ੧੩ ਅਦਾਰੇ ਤੇ ੩੯ ਸਕੈਂਡਰੀ ਸਪੈਸ਼ਲ ਸਕੂਲ ਹਨ। ਬਹੁਤ ਸਾਰੀਆਂ ਉਸਤਾਦਾਂ ਦੀ ਸਿਖਲਾਈ ਸੰਸਥਾਵਾਂ ਤੇ ਸਕੂਲਾਂ ਵਿਚ ਸਰੀਰਕ-ਸਿਖਿਆ ਦੀਆਂ ਖਾਸ ਫੈਕਲਟੀਆਂ ਜਾਂ ਡੀਪਾਰਟਮੈਂਟ ਹਨ।

ਪਿਛਲੇ ਪੰਜ ਵਰ੍ਹਿਆਂ ਵਿਚ (੧੯੪੯–੧੯੫੩), ਸੋਵੀਅਟ ਖਿਡਾਰੀਆਂ ਨੇ ਵਖੋ ਵਖ ਖੇਡਾਂ ਵਿਚ ਸੋਵੀਅਟ ਯੂਨੀਅਨ ਦੇ ਪਹਿਲੇ ਰੀਕਾਰਡ ੧੯੮੮ ਵਾਰ ਮਾਤ ਕੀਤੇ ਹਨ, ਅਤੇ ਇਸੇ ਸਮੇਂ ਵਿਚ ਟਰੈਕ ਤੇ ਫੀਲਡ ਖੇਡਾਂ, ਭਾਰ ਚੁਕਣ, ਸਪੀਡ-ਸਕੇਟਿੰਗ, ਰਾਈਫਲ ਸ਼ੂਟਿੰਗ ਤੇ ਦੂਜੀਆਂ ਖੇਡਾਂ ਵਿਚ ੨੨੧ ਵਾਰ ਸੰਸਾਰ-ਰੀਕਾਰਡਾਂ ਨੂੰ ਮਾਤ ਕੀਤਾ ਹੈ।

ਸੋਵੀਅਟ ਯੂਨੀਅਨ ਨੇ ਸਤਰੰਜ, ਵਾਲੀਬਾਲ, ਯੂਨਾਨੀ-ਰੋਮਨ ਕੁਸ਼ਤੀ, ਸਕਾਈਟਿੰਗ, ਬਰਫ-ਹਾਕੀ ਤੇ ਸਪੀਡ-ਸਕੇਟਿੰਗ ਵਿਚ ੮੦ ਸੰਸਾਰ-ਖ਼ਿਤਾਬ ਜਿਤੇ ਹਨ। ਸੋਵੀਅਟ ਦੇ ਟਰੈਕ ਤੇ ਫੀਲਡ ਖਿਡਾਰੀ, ਅਤੇ ਸੋਵੀਅਟ ਰੂਸ ਦੀਆਂ ਬਾਸਕਟਬਾਲ ਤੇ ਚਪੂ-ਕਿਸ਼ਤੀ ਚਲਾਣ ਦੀਆਂ ਟੀਮਾਂ ਯੂਰਪ ਦੀਆਂ ਚੈਂਪੀਅਨ (ਸ਼੍ਰੋਮਣੀ) ਹਨ। ਹੇਲਿੰਸਕੀ ਵਿਚ ਹੋਏ ਪੰਦਰ੍ਹਵੇਂ ਓਲਿੰਪਕ ਖੇਡ-ਮੁਕਾਬਲੇ ਵਿਚ ਸੋਵੀਅਟ ਯੂਨੀਅਨ ਦੇ ਖਿਡਾਰੀਆਂ ਨੇ ਸ਼ਾਨਦਾਰ ਜਿਤਾਂ ਪ੍ਰਾਪਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀਆਂ। ਉਹਨਾਂ ਨੇ ੧੦੬ ਗੋਲਡ, ਸਿਲਵਰ ਤੇ ਬਰੋਂਜ਼ ਮੈਡਲ ਜਿੱਤੇ। ਇਨ੍ਹਾਂ ਖੇਡਾਂ ਵਿਚ ਸੋਵੀਅਟ ਖਿਡਾਰੀਆਂ ਨੇ ਜਿਮਨਾਸਟਕ, ਯੂਨਾਨੀ-ਰੋਮਨ ਆਜ਼ਾਦ ਕੁਸ਼ਤੀ, ਭਾਰ ਚੁਕਣ, ਸ਼ੂਟਿੰਗ ਵਿਚ ਟੀਮ-ਖ਼ਿਤਾਬ ਜਿੱਤੇ, ਅਤੇ ਟਰੈਕ-ਤੇ ਫੀਲਡ ਖੇਡਾਂ, ਕਿਸ਼ਤੀ ਚਲਾਣ, ਬਾਕਸਿੰਗ ਤੇ ਬਾਸਕਟਬਾਲ ਵਿਚ ਉਹਨਾਂ ਨੇ ਦੂਜੀ ਥਾਂ (ਰਨਰਜ਼ਅਪ) ਪ੍ਰਾਪਤ ਕੀਤੀ।

੮੯, ਸੋਵੀਅਟ ਯੂਨੀਅਨ ਵਿਚ ਕਿਹੜੇ ਸਰਕਾਰੀ ਖ਼ਿਤਾਬ ਤੇ ਤਗਮੇਂ ਦਿਤੇ ਜਾਂਦੇ ਹਨ ?

ਸੋਸ਼ਲਿਸਟ ਉਸਾਰੀ, ਜਾਂ ਸੋਵੀਅਟ ਸਟੇਟ ਦੀ ਸੁਰਖਿਆ ਸੰਬੰਧੀ ਬੇਮਿਸਾਲ ਸੇਵਾ ਲਈ ਇਕੱਲੇ ਇਕੱਲੇ ਸ਼ਹਿਰੀਆਂ, ਸਾਂਝੀਆਂ ਟੋਲੀਆਂ, ਸੰਸਥਾਵਾਂ ਤੇ ਫੌਜੀ ਇਕਾਈਆਂ ਨੂੰ ਸੋਵੀਅਟ ਯੂਨੀਅਨ ਦੇ ਖ਼ਿਤਾਬ ਤੇ ਤਗਮੇਂ ਦਿਤੇ ਜਾਂਦੇ ਹਨ। ਇਹ ਖ਼ਿਤਾਬ ਤੇ ਤਗਮੇਂ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਪ੍ਰੈਜ਼ੀਡੀਅਮ ਦੇ ਹੁਕਮ ਦੁਆਰਾ ਦਿਤੇ ਜਾਂਦੇ ਹਨ।

ਸੋਵੀਅਟ ਸਟੇਟ ਦੇ ਮੁਢਲੇ ਵਰ੍ਹਿਆਂ ਵਿਚ, ਦੋ ਖ਼ਿਤਾਬ ਜਾਰੀ ਕੀਤੇ ਗਏ : ਬੇਮਿਸਾਲ ਸੈਨਿਕ ਸੇਵਾ ਲਈ "ਆਰਡਰ ਆਫ਼ ਦੀ ਰੈਡ ਬੈਨਰ", ਅਤੇ ਮਜ਼ਦੂਰਾਂ ਦੀਆ ਸ਼ਾਨਦਾਰ ਕਾਮਯਾਬੀਆਂ ਲਈ "ਆਰਡ ਆਫ ਦੀ ਰੈੱਡ ਬੈਨਰ ਆਫ ਲੇਬਰ" ਦਾ ਖਿਤਾਬ, ਇਸ ਪਿਛੋਂ ਸੋਵੀਅਟ ਯੂਨੀਅਨ ਦਾ ਸਭ ਤੋਂ ਵੜਾ ਖ਼ਿਤਾਬ "ਆਰਡ ਆਫ ਲੈਨਿਨ" ਜਾਰੀ ਹੋਇਆ ਅਤੇ ਇਹਦੇ ਨਾਲ ਹੀ "ਰੈੱਡ ਸਟਾਰ ਦਾ ਆਰਡਰ" ਤੇ "ਬੈਜ ਆਫ ਆਨਰ" ਦੇ ਖ਼ਿਤਾਬ ਵੀ ਜਾਰੀ ਕੀਤੇ ਗਏ।

੧੯੪੧–੪੫ ਦੀ ਮਹਾਨ ਦੇਸ਼-ਭਗਤਕ ਜੰਗ ਦੇ ਸਮੇਂ ਸੋਵੀਅਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਪ੍ਰੈਜ਼ੀਡੀਅਮ ਨੇ ਸੋਵੀਅਟ ਯੂਨੀਅਨ ਦੀ ਇਜ਼ਤ ਤੇ ਆਜ਼ਾਦੀ ਦੇ ਸੰਗਰਾਮ ਵਿਚ ਸ਼ਾਨਦਾਰ ਸੇਵਾ ਲਈ ਦੇਣ ਲਈ ਕਈ ਖ਼ਿਤਾਬ ਜਾਰੀ ਕੀਤੇ।ਉਨ੍ਹਾਂ 'ਚੋਂ ਕੁਝ ਇਹ ਹਨ:

ਆਰਡਰ ਆਫ਼ ਵਿਕਟਰੀ, ਹਾਈ ਕਮਾਂਡ ਨੂੰ ਦਿਤਾ ਗਿਆ । ਆਰਡਰ ਆਫ਼ ਸਵੋਰਵੋ, ਪਹਿਲਾ, ਦੂਜਾ ਤੇ ਤੀਜਾ ਦਰਜਾ; ਆਰਡਰ ਆਫ਼ ਉਸ਼ਾਕੋਵ, ਪਹਿਲਾ ਤੇ ਦੂਜਾ ਦਰਜਾ; ਆਰਡਰ ਆਫ਼ ਕੁਤੂਜ਼ੋਵ, ਪਹਿਲਾ, ਦੂਜਾ ਤੇ ਤੀਜਾ ਦਰਜਾ; ਆਰਡਰ ਆਫ਼ ਨਾਖੀਮੋਵ, ਪਹਿਲਾ ਤੇ ਦੂਜਾ ਦਰਜਾ; ਆਰਡਰ ਆਫ਼ ਅਲਗਜ਼ੈਂਡਰ ਨੇਵਸਕੀ; ਆਰਡਰ ਆਫ਼ ਪੈਟਰੀਆਟਿਕ ਵਾਰ (ਦੇਸ਼-ਭਗਤਕ ਜੰਗ ਦਾ ਆਰਡਰ), ਪਹਿਲਾ ਤੇ ਦੂਜਾ ਦਰਜਾ; ਅਤੇ ਆਰਡਰ ਆਫ਼ ਗਲੋਰੀ, ਪਹਿਲਾ, ਦੂਜਾ ਤੇ ਤੀਜਾ ਦਰਜਾ, ਇਹ ਸਭ ਖਿਤਾਬ ਸਿਰਫ ਸਾਧਾਰਨ ਸਿਪਾਹੀਆਂ ਨੂੰ ਦਿਤੇ ਗਏ।

ਹਰ ਇਕ ਸੋਵੀਅਟ ਆਰਡਰ (ਖ਼ਿਤਾਬ) ਬਾਰੇ ਇਕ ਖਾਸ ਕਾਨੂੰਨ ਹੁੰਦਾ ਹੈ ।

ਇਨ੍ਹਾਂ ਆਰਡਰਾਂ ਤੋਂ ਬਿਨਾਂ ਸੋਵੀਅਟ ਯੂਨੀਅਨ ਨੇ ੨੭ ਵਖ ਵਖ ਤਗ਼ਮੇ ਜਾਰੀ ਕੀਤੇ ਹਨ । ਉਨ੍ਹਾਂ 'ਚੋਂ ਕੁਝ ਇਹ ਹਨ : "ਸ਼ਾਨਦਾਰ ਮਿਹਨਤ ਲਈ", "ਮਿਹਨਤ ਬਹਾਦਰੀ ਲਈ", "ਯੁਧਵਿਚ ਕਮਾਲ ਲਈ" ਅਤੇ "ਸੂਰਬੀਰਤਾ ਲਈ"।ਮਾਸਕੋ ਅਤੇ ਲੈਨਿਨਗਰਾਡ, ਸਟਾਲਨਗਰਾਡ, ਸਵਾਸਤੋਪੋਲ ਤੇ ਓਡੇਸਾ ਦੇ ਸੂਰਬੀਰ ਸ਼ਹਿਰਾਂ ਦੀ ਰਖਿਆ ਵਿਚ ਹਿਸਾ ਲੈਣ ਵਾਲਿਆਂ ਨੂੰ ਖਾਸ ਤਗ਼ਮੇ ਦਿਤੇ ਗਏ ।

ਸੋਵੀਅਟ ਯੂਨੀਅਨ ਦੇ ਇਹ ਤਗ਼ਮੇ ਵੀ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਪ੍ਰੈਜ਼ੀਡੀਅਮ ਦੇ ਹੁਕਮ ਨਾਲ ਦਿਤੇ ਜਾਂਦੇ ਹਨ ।

੧੯੪੪ ਵਿਚ ਸੋਵੀਅਟ ਯੂਨੀਅਨ ਦੀ ਸੁਪ੍ਰੀਮ ਸੋਵੀਅਟ ਦੇ ਪ੍ਰੈਜ਼ੀਡੀਅਮ ਨੇ ਵਡੇ ਪਰਵਾਰਾਂ ਦੀਆਂ ਮਾਵਾਂ ਲਈ ਖ਼ਿਤਾਬ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਗ਼ਮੇ ਜਾਰੀ ਕੀਤੇ । ''ਮਾਂ ਹੀਰੋਇਨ ਆਰਡਰ'' ਦਾ ਖ਼ਿਤਾਬ ਦਸ ਬਚਿਆਂ ਦੀਆਂ ਮਾਵਾਂ ਨੂੰ ਦਿਤਾ ਜਾਂਦਾ ਹੈ । ''ਮਾਂ-ਪੁਣੇ ਦੀ ਸ਼ਾਨ ਦਾ ਆਰਡਰ'' ਪਹਿਲਾ, ਦੂਜਾ ਤੇ ਤੀਜਾ ਦਰਜਾ ਅਤੇ ''ਮਾਂ-ਪੁਣੇ ਦਾ ਤਗ਼ਮਾ''ਪਹਿਲਾ ਤੇ ਦੂਜਾ ਦਰਜਾ ਵੀ ਦਿਤਾ ਜਾਂਦਾ ਹੈ।

ਬਹਾਦਰੀ ਦੇ ਕੰਮ ਲਈ ਸੋਵੀਅਟ ਸ਼ਹਿਰੀਆਂ ਨੂੰ ''ਸੋਵੀਅਟ ਯੂਨੀਅਨ ਦਾ ਬਹਾਦਰ'' ਦਾ ਖ਼ਿਤਾਬ ਦਿਤਾ ਜਾਂਦਾ ਹੈ । ਜਿਨ੍ਹਾਂ ਲੋਕਾਂ ਨੂੰ ਇਹ ਖ਼ਿਤਾਬ ਮਿਲਦਾ ਹੈ ਉਨ੍ਹਾਂ ਨੂੰ ''ਆਰਡਰ ਆਫ਼ ਲੈਨਿਨ'' ਅਤੇ ''ਗੋਲਡ ਸਟਾਰ'' ਤਗ਼ਮਾ ਦਿਤਾ ਜਾਂਦਾ ਹੈ ।

ਸੋਵੀਅਟ ਯੂਨੀਅਨ ਦੇ ਸ਼ਹਿਰੀਆਂ ਨੂੰ ਆਪਣੇ ਕੰਮ ਵਿਚ ਵਿਸ਼ੇਸ਼ ਸਫਲਤਾ ਦਾ ਸਦਕਾ ''ਸੋਸ਼ਲਿਸਟ ਮਿਹਨਤ ਦਾ ਹੀਰੋ'' ਦਾ ਖ਼ਿਤਾਬ ਮਿਲਦਾ ਹੈ । ਇਹ ਉਚਾ ਖ਼ਿਤਾਬ ਪ੍ਰਾਪਤ ਕਰਨ ਵਾਲਿਆਂ ਨੂੰ ਖ਼ਿਤਾਬ ਦੇ ਸਰਟੀਫਿਕੇਟ ਦੇ ਨਾਲ ''ਆਰਡਰ ਆਫ਼ ਲੈਨਿਨ'' ''ਹਥੌੜਾ ਤੇ ਦਾਤੀ'' ਦਾ ਤਗ਼ਮਾ ਵੀ ਦਿਤਾ ਜਾਂਦਾ ਹੈ ।

ਪਿਛਲੇ ੨੫ ਵਰ੍ਹੇ ਵਿਚ ਉੱਨੀ ਲਖ ਸਤਾਈ ਹਜ਼ਾਰ (੧੯੨੭੦੦੦) ਸਨਅਤ, ਜ਼ਰਾਇਤ, ਇਮਾਰਤ ਉਸਾਰੀ, ਸਾਇੰਸ ਤੇ ਸਭਿਆਚਾਰ ਦੇ ਕਾਮਿਆਂ ਨੂੰ ਸੋਵੀਅਟ ਯੂਨੀਅਨ ਦੇ ਖ਼ਿਤਾਬ ਤੇ ਤਗ਼ਮੇ ਮਿਲ ਚੁਕੇ ਹਨ ਅਤੇ ੬੭੫੪ ਕਾਢਕਾਰਾਂ ਨੂੰ ''ਸੋਸ਼ਲਿਸਟ ਮਿਹਨਤ ਦੇ ਹੀਰੋ'' ਦਾ ਅਸਰ-ਭਰਪੂਰ ਖ਼ਿਤਾਬ ਮਿਲਿਆ ਹੈ ।

੯੦. ਸਟਾਲਿਨ ਇਨਾਮ ਕੀ ਹਨ, ਇਹ ਕਿਨ੍ਹਾਂ ਨੂੰ ਮਿਲਦੇ ਹਨ ਤੇ ਕਿਵੇਂ ਦਿਤੇ ਜਾਂਦੇ ਹਨ ?

ਸਟਾਲਿਨ ਇਨਾਮ ੧੯੩੯ ਵਿਚ, ਲੈਨਿਨ ਦੇ ਆਦਰਸ਼ ਨੂੰ ਜਾਰੀ ਰਖਣ ਵਾਲੇ ਮਹਾਨ ਸਟਾਲਿਨ ਦੀ ਸਠਵੀਂ ਵਰ੍ਹੇ-ਗੰਢ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਜ਼ਤ ਵਿਚ ਜਾਰੀ ਕੀਤੇ ਗਏ ਸਨ।

ਇਹ ਇਨਾਮ ਸਾਇੰਸ, ਕਾਢ, ਸਾਹਿਤ ਤੇ ਕਲਾ ਦੇ ਖੇਤਰਾਂ ਵਿਚ ਬੇਸਿਸਾਲ ਸੇਵਾ ਲਈ ਦਿਤੇ ਜਾਂਦੇ ਹਨ। ਇਨ੍ਹਾਂ ਦੇ ਤਿੰਨ ਦਰਜੇ ਹਨ, ਹਰ ਇਕ ਲਈ ਇਕ ਵਡੀ ਰਕਮ ਨਕਦ ਇਨਾਮ ਵਜੋਂ ਮਿਲਦੀ ਹੈ।

ਇਹਨਾਂ ਇਨਾਮਾਂ ਦੇ ਜੇਤੂਆਂ ਨੂੰ ਸਟਾਲਿਨ-ਇਨਾਮ ਜੇਤੂ ਦਾ ਖ਼ਿਤਾਬ, ਅਤੇ ਇਕ ਸੋਨੇ ਤੇ ਚਾਂਦੀ ਦਾ ਤਗਮਾ ਮਿਲਦਾ ਹੈ ਜਿਸ ਤੇ ਜੇ.ਵੀ. ਸਟਾਲਿਨ ਦੀ ਸ਼ੀਸ-ਮੂਰਤ ਉਭਰੀ ਹੋਈ ਹੁੰਦੀ ਹੈ।

ਸਟਾਲਿਨ-ਇਨਾਮਾਂ ਦੇ ਮੁਕਾਬਲੇ ਵਿਚ ਸਾਇੰਸੀ ਲਿਖਤਾਂ, ਕਾਢਾਂ, ਸਨਅਤ ਵਿਚ ਨਵੀਆਂ ਕਾਢਾਂ ਤੇ ਨਵੇਂ ਢੰਗ ਲਭਣ ਵਾਲਿਆਂ ਦੀਆਂ ਲਭਤਾਂ, ਨਵੇਂ ਡੀਜ਼ਾਇਨ, ਸਾਹਿਤਕ ਰਚਨਾਵਾਂ, ਸੰਗੀਤ ਰਚਨਾਵਾਂ, ਥੀਏਟਰੀਕਲ ਕਿਰਤਾਂ (ਨਾਟਕ ਆਦਿ), ਅਤੇ ਫਿਲਮਾਂ ਦਾਖਲ ਕੀਤੀਆਂ ਜਾਂਦੀਆਂ ਹਨ। ਇਹ ਚੀਜ਼ਾਂ ਵਿਗਿਆਨਕ ਸੰਸਥਾਵਾਂ, ਵਜ਼ਾਰਤਾਂ, ਸੋਵੀਅਟ ਲਿਖਾਰੀਆਂ, ਸੰਗੀਤਕਾਰਾਂ ਤੇ ਕਲਾਕਾਰਾਂ ਦੀਆਂ ਯੂਨੀਅਨਾਂ ਤੇ ਲੋਕ-ਸੰਸਥਾਵਾਂ ਤੇ ਜਥੇਬੰਦੀਆਂ ਵਲੋਂ ਵਿਚਾਰ ਲਈ ਪੇਸ਼ ਕੀਤੀਆਂ ਜਾਂਦੀਆਂ ਹਨ।

ਸਭਨਾਂ ਪੇਸ਼ ਹੋਈਆਂ ਚੀਜ਼ਾਂ ਤੇ ਸਟਾਲਿਨ-ਇਨਾਮ ਕਮੇਟੀਆਂ ਪੂਰੀ ਪੂਰੀ ਵਿਚਾਰ ਕਰਦੀਆਂ ਹਨ। ਇਹਨਾਂ ਕਮੇਟੀਆਂ ਵਿਚ ਸੈਂਕੜੇ ਹੀ ਪ੍ਰਸਿਧ ਤੇ ਪ੍ਰਤੀਨਿਧ ਸੋਵੀਅਟ ਵਿਦਵਾਨ ਕੰਮ ਕਰਦੇ ਹਨ।

ਸਟਾਲਿਨ-ਇਨਾਮ ਕਮੇਟੀਆਂ ਵਲੋਂ ਮਨਜ਼ੂਰ ਹੋਈਆਂ ਕਿਰਤਾਂ ਸੋਵੀਅਟ ਯੂਨੀਅਨ ਦੇ ਵਜ਼ੀਰਾਂ ਦੀ ਕੌਂਸਲ ਸਾਹਮਣੇ ਵਿਚਾਰ ਲਈ ਪੇਸ਼ ਹੁੰਦੀਆਂ ਹਨ। ਵਜ਼ੀਰਾਂ ਦੀ ਕੌਂਸਲ ਇਨਾਮਾਂ ਦਾ ਫੈਸਲਾ ਕਰਦੀ ਹੈ।

ਅਨੇਕਾਂ ਇਨਾਮ ਗਰੁਪਾਂ ਨੂੰ ਦਿਤੇ ਜਾਂਦੇ ਹਨ (ਸਾਂਝੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਗਿਆਨਕ ਕੰਮ ਤੇ ਕਾਢਾਂ ਲਈ, ਨਾਟਕ, ਫਿਲਮਾਂ, ਆਦਿ, ਤਿਆਰ ਕਰਨ ਲਈ)।

ਸਟਾਲਿਨ-ਇਨਾਮ ਜੇਤੂਆਂ ਵਿਚ, ਮਹਾਨ ਸਾਇੰਸਦਾਨਾਂ, ਜਿਨ੍ਹਾਂ ਦੀਆਂ ਕਿਰਤਾਂ ਬਦੇਸ਼ਾਂ ਵਿਚ ਵੀ ਪ੍ਰਸਿਧ ਹਨ, ਦੇ ਨਾਲ ਨਾਲ ਸੈਂਕੜੇ ਹੀ ਮਜ਼ਦੂਰਾਂ ਤੇ ਕਿਸਾਨਾਂ ਦੇ ਨਾਂ ਵੀ ਆਉਂਦੇ ਹਨ, ਜਿਨ੍ਹਾਂ ਦੀਆਂ ਉਸਾਰੂ ਕਿਰਤਾਂ ਨੇ ਸਨਅਤ ਦੀਆਂ ਅਨੇਕਾਂ ਸ਼ਾਖਾਂ ਨੂੰ ਅਮੀਰ ਬਣਾਇਆ ਹੈ।

੧੯੫੩ ਦੇ ਅੰਤ ਤਕ ਸਟਾਲਿਨ-ਇਨਾਮ ਜੇਤੂ ਦਾ ਸ਼ਾਨਾਂ-ਭਰਿਆ ਖ਼ਿਤਾਬ ਸਾਇੰਸ, ਸਨਅਤ, ਟਰਾਂਸਪੋਰਟ ਤੇ ਜ਼ਰਾਇਤ ਦੇ ਖੇਤਰਾਂ ਵਿਚ ਕੰਮ ਕਰਨ ਵਾਲੇ ੮੪੭੦ ਲੋਕਾਂ ਨੂੰ, ਅਤੇ ਸਾਹਿਤ ਤੇ ਕਲਾ ਦੇ ਖੇਤਰਾਂ ਵਿਚ ਕੰਮ ਕਰਨ ਵਾਲੇ ੨੩੩੯ ਲੋਕਾਂ ਨੂੰ ਮਿਲ ਚੁਕਾ ਹੈ।

੯੧. ਯੰਗ ਪਾਇਉਨੀਰ ਕੌਣ ਹਨ ?

ਯੰਗ ਪਾਇਉਨੀਰ (ਬਾਲ ਰਾਹ-ਬਣਾਊ) ਦਾ ਨਾਂਅ ਸਕੂਲਾਂ ਦੇ ਉਨ੍ਹਾਂ ਬਚਿਆਂ ਨੂੰ ਦਿਤਾ ਜਾਂਦਾ ਹੈ ਜਿਹੜੇ ਬਚਿਆਂ ਦੀ ਜਨਤਕ ਜਥੇਬੰਦੀ, ਲੈਨਿਨ ਯੰਗ ਪਾਇਉਨੀਰਜ਼ ਨਾਲ ਸਬੰਧਤ ਹਨ। ਇਹ ਜਥੇਬੰਦੀ ਨੌਂ ਤੋਂ ਚੌਦਾਂ ਵਰ੍ਹੇ ਦੀ ਉਮਰ ਦੇ ਇਕ ਕਰੋੜ ਨੱਬੇ ਲਖ ਬਚਿਆਂ ਨੂੰ ਇਕ ਲੜੀ ਵਿਚ ਪਰੋਂਦੀ ਹੈ।

ਯੰਗ ਪਾਇਉਨੀਰਾਂ ਦਾ ਮੁਖ ਕਰਤੱਵ ਸਕੂਲਾਂ ਤੇ ਉਸਤਾਦਾਂ ਦੀ ਮਦਦ ਕਰਨਾ ਹੈ। ਆਪਣੀ ਪੜ੍ਹਾਈ ਤੇ ਆਚਰਣ ਦੁਆਰਾ ਯੰਗ ਪਾਇਉਨੀਰ ਸਕੂਲ ਦੇ ਬਾਕੀ ਬਚਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ।

ਯੰਗ ਪਾਇਉਨੀਰ ਜਥੇਬੰਦੀਆਂ ਵਿਚ ਹਰ ਕਿਸਮ ਦੇ ਗਰੁਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੰਮ ਕਰਦੇ ਹਨ। ਯੰਗ ਟੈਕਨੀਸ਼ਨ, ਰੇਡੀਉ ਸ਼ੌਕੀਨ, ਹਵਾਈ ਜਹਾਜ਼ ਦੇ ਮਾਡਲ ਬਨਾਉਣ ਵਾਲੇ, ਪ੍ਰਕਿਰਤੀ ਪ੍ਰੇਮੀ, ਪੁਸਤਕ-ਮਿਤਰ ਅਤੇ ਸ਼ੌਕੀਆ ਕਲਾ ਕੇਂਦਰ ਕੁਝ ਕੁ ਉਦਾਹਰਣਾਂ ਹਨ। ਦੇਸ਼ ਭਰ ਵਿਚ ਯੰਗ ਪਾਇਉਨੀਰਾਂ ਦੇ ਮਹੱਲ ਤੇ ਮਕਾਨ, ਯੰਗ ਪਾਇਉਨੀਰ ਪਾਰਕਾਂ ਤੇ ਖੇਡ-ਮੈਦਾਨ ਮਿਲਦੇ ਹਨ।

੧੯੫੧ ਵਿਚ ਸੋਵੀਅਟ ਯੂਨੀਅਨ ਵਿਚ ਯੰਗ ਪਾਇਉਨੀਰਾਂ ਦੇ ੧੨੦੦ ਮਹੱਲ ਤੇ ਮਕਾਨ ਸਨ।

ਗਰਮੀਆਂ ਵਿਚ ਲੱਖਾਂ ਹੀ ਯੰਗ ਪਾਇਉਨੀਰ ਬਾਹਿਰ ਕੈਂਪਾਂ ਵਿਚ ਜਾਂਦੇ ਹਨ, ਖਾਸ ਟੂਰ ਲਾਉਂਦੇ ਹਨ, ਜਾਂ ਦੇਸ-ਯਾਤਰਾ ਲਈ ਸੈਰ ਸਪਾਟੇ ਤੇ ਨਿਕਲਦੇ ਹਨ।

ਆਪਣੇ ਕਈ ਪ੍ਰਕਾਰ ਦੇ ਰੁਝੇਵਿਆਂ-ਭਰੇ ਕੰਮ ਦੁਆਰਾ ਯੰਗ ਪਾਇਉਨੀਰ ਸੰਸਥਾ ਬਚਿਆਂ ਵਿਚ ਪੜ੍ਹਾਈ, ਮਰਯਾਦਾ ਤੇ ਮਿਹਨਤ, ਸਰੀਰਕ ਸਹਿਣ-ਸ਼ਕਤੀ, ਈਮਾਨਦਾਰੀ ਤੇ ਸਚਿਆਈ, ਸਾਥੀ-ਪੁਣੇ ਦੀ ਭਾਵਨਾ ਅਤੇ ਵਡਿਆਂ ਦੇ ਸਤਿਕਾਰ ਵਲ ਇਕ ਸੂਝਵਾਨ ਵਤੀਰਾ ਪੈਦਾ ਕਰਦੀ ਹੈ ਅਤੇ ਉਨ੍ਹਾਂ ਨੂੰ ਸਮਾਜਕ ਤੌਰ ਤੇ ਲਾਭਵੰਦ ਕੰਮ ਕਰਨ ਦੀ ਵਾਦੀ ਪਾਉਂਦੀ ਹੈ।

੯੨. ਯੰਗ ਕਮਿਉਨਿਸਟ ਲੀਗ ਕੀ ਹੈ ?

ਸੋਵੀਅਟ ਯੂਨੀਅਨ ਦੀ ਲੈਨਿਨ ਯੰਗ ਕਮਿਉਨਿਸਟ ਲੀਗ ਜਾਂ ਸੰਖੇਪ ਵਿਚ ਕੋਮਸੋਮੋਲ, ਅਗਾਊ ਸੋਵੀਅਟ ਨੌਜਵਾਨਾਂ ਦੀ ਜਨਤਕ ਜਥੇਬੰਦੀ ਹੈ। ਇਹ ੧੯੧੮ ਵਿਚ ਨੌਜਵਾਨ ਮਜ਼ਦੂਰਾਂ ਦੀ ਲੀਗ ਤੇ ਨੌਜਵਾਨ ਕਿਸਾਨਾਂ ਦੀ ਲੀਗ ਦੇ ਪ੍ਰਤੀਨਿਧਾਂ ਦੀ ਕਾਂਗਰਸ ਤੇ ਜਥੇਬੰਦ ਕੀਤੀ ਗਈ ਸੀ।

ਭਾਵੇਂ ਇਹ ਪਾਰਟੀ ਇਕ ਜਥੇਬੰਦੀ ਨਹੀਂ, ਕੋਮਸੋਮੋਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਮਿਊਨਿਸਟ ਪਾਰਟੀ ਨਾਲ ਡੂੰਘਾ ਸਬੰਧ ਰਖਦੀ ਹੈ ਤੇ ਉਸਦੀ ਅਗਵਾਈ ਵਿਚ ਕੰਮ ਕਰਦੀ ਹੈ। ਸੋਵੀਅਟ ਸਟੇਟ ਦੇ ਮਹਾਨ ਮੋਢੀ ਦੀ ਮੌਤ ਪਿਛੋਂ ੧੯੨੪ ਵਿਚ ਇਸ ਜਥੇਬੰਦੀ ਨੇ ਆਪਣੇ ਨਾਂਅ ਨਾਲ 'ਲੈਨਿਨ' ਦਾ ਸ਼ਬਦ ਜੋੜ ਲਿਆ।

੧੪ ਤੋਂ ੨੬ ਵਰ੍ਹੇ ਦੇ ਉਨ੍ਹਾਂ ਨੌਜੁਆਨਾਂ ਤੇ ਮੁਟਿਆਰਾਂ ਨੂੰ ਇਹਦੀ ਮੈਂਬਰੀ ਦਿਤੀ ਜਾਂਦੀ ਹੈ, ਜੋ ਇਹਦੇ ਨਿਯਮਾਂ ਤੇ ਪਰੋਗਰਾਮ ਨੂੰ ਸਵੀਕਾਰ ਕਰਦੇ ਹਨ ਤੇ ਇਹਦੀ ਕਿਸੇ ਜਥੇਬੰਦੀ ਵਿੱਚ ਕੰਮ ਕਰਨ ਦੀ ਇੱਛਾ ਪ੍ਰਗਟ ਕਰਦੇ ਹਨ।

ਕੋਮਸੋਮੋਲ ਜਥੇਬੰਦੀਆਂ ਫੈਕਟਰੀਆਂ ਵਿਚ, ਸਰਕਾਰੀ ਤੇ ਸਾਂਝੇ ਫਾਰਮਾਂ ਵਿਚ, ਹੋਰ ਸੰਸਥਾਵਾਂ ਵਿਚ, ਸਕੂਲਾਂ ਅਤੇ ਉਚ-ਸਿਖਿਆ ਦੀਆਂ ਸੰਸਥਾਵਾਂ ਵਿਚ ਕਾਇਮ ਕੀਤੀਆਂ ਜਾਂਦੀਆਂ ਹਨ।

ਸਭ ਮੁਖ-ਸੰਸਥਾਵਾਂ—ਮੁਢਲੀ ਜਥੇਬੰਦੀ ਕਮੇਟੀ ਤੋਂ ਲੈ ਕੇ ਕੇਂਦਰੀ ਕਮੇਟੀ ਤਕ—ਮੀਟਿੰਗਾਂ, ਕਾਨਫਰੰਸਾਂ ਤੇ ਕਾਂਗਰਸਾਂ ਵਿਚ ਗੁਪਤ ਵੋਟ ਦੁਆਰਾ ਚੁਣੀਆਂ ਜਾਂਦੀਆਂ ਹਨ।

ਇਕ ਕਰੋੜ ਅੱਸੀ ਲਖ ਨੌਜਵਾਨ ਤੇ ਮੁਟਿਆਰਾਂ ਕੋਮਸੋਮੋਲ ਦੀਆਂ ਮੈਂਬਰ ਹਨ।

ਕੋਮਸੋਮੋਲ ਦਾ ਮੁਖ ਕੰਮ ਇਹ ਹੈ ਕਿ ਸੋਵੀਅਟ ਯੁਵਕਾਂ ਤੇ ਯੁਵਤੀ ਨੂੰ ਆਪਣੀ ਮਾਤ-ਭੂਮੀ ਲਈ ਸੱਚੀ ਦੇ ਸੁੱਚੀ ਸੇਵਾ ਦੀ ਭਾਵਨਾ ਵਿਚ ਸੁਸਿਖਸ਼ਤ ਕੀਤਾ ਜਾਵੇ। ਕੋਮਸੋਮੋਲ ਦੇਸ ਦੇ ਰਾਜਸੀ ਜੀਵਨ ਵਿਚ, ਕਮਿਊਨਿਸਟ ਸਮਾਜ ਦੀ ਉਸਾਰੀ ਵਿਚ ਸਰਗਰਮ ਹਿੱਸਾ ਲੈਂਦੀ ਹੈ। ਇਹ ਨੌਜਵਾਨਾਂ ਤੇ ਮੁਟਿਆਰਾਂ ਵਿਚ ਮਿਹਨਤ ਦਾ ਪਿਆਰ ਭਰਦੀ ਹੈ ਅਤੇ ਇਸ ਗਲ ਵਲ ਧਿਆਨ ਦੇਂਦੀ ਹੈ ਕਿ ਨੌਜਵਾਨ ਮਰਦ ਤੇ ਇਸਤ੍ਰੀਆਂ ਆਪਣੇ ਕਿੱਤੇ ਦੀ ਮਹਾਰਤ ਵਧਾਂਦੇ ਹਨ, ਗਿਆਨ ਪ੍ਰਾਪਤ ਕਰਦੇ ਹਨ, ਉੱਨਤ ਸਾਇੰਸ ਤੇ ਇੰਜਨੀਅਰਿੰਗ ਦੀਆਂ ਕਾਢਾਂ ਤੇ ਕਾਮਯਾਬੀਆਂ ਦੀ ਉਸਤਾਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਾਸਲ ਕਰਦੇ ਅਤੇ ਉਨ੍ਹਾਂ ਨੂੰ ਕੌਮੀ ਆਰਥਕਤਾ ਤੇ ਸਭਿਆਚਾਰ ਦੇ ਕੁਲ ਖੇਤਰਾਂ ਵਿਚ ਅਮਲੀ ਤੌਰ ਤੇ ਲਾਗੂ ਕਰਨ ਦੇ ਯੋਗ ਬਣਾਉਂਦੇ ਹਨ। ਕੋਮਸੋਮੋਲ ਦੇ ਇਕ ਲਖ ਵੀਹ ਹਜ਼ਾਰ ਤੋਂ ਉਪਰ ਮੈਂਬਰ ਸੋਵੀਅਟਾਂ ਦੇ ਡਿਪਟੀ ਹਨ। ਸਤ ਹਜ਼ਾਰ ਸੋਵੀਅਟ ਯੂਨੀਅਨ ਦੇ ਹੀਰੋ ਹਨ।

ਬਹੁਤ ਵਾਰ ਕੋਮਸੋਮੋਲ ਜਥੇਬੰਦੀਆਂ ਸਾਰੇ ਦੇਸ ਲਈ ਮਹਾਨਤਾ ਰਖਣ ਵਾਲੇ ਵਡਮੁਲੇ ਕੰਮ ਸ਼ੁਰੂ ਕਰਦੀਆਂ ਹਨ। ਮਿਸਾਲ ਲਈ, ਪਹਿਲੀ ਪੰਜ-ਸਾਲਾ ਪਲੈਨ ਦੇ ਦੌਰਾਨ ਵਿਚ ਕੋਮਸੋਮੋਲ ਮਿਹਨਤਕਸ਼ ਜਨਤਾ ਵਿਚ ਸੋਸ਼ਲਿਸਟ ਮੁਕਾਬਲੇ ਦੀ ਲਹਿਰ ਚਲਾਉਣ ਦੇ ਮੁਖ ਮੋਢੀਆਂ ਵਿਚੋਂ ਸੀ।

ਨੌਜਵਾਨਾਂ ਦੇ ਲਾਭਾਂ ਦੀ ਪ੍ਰਤੀਨਿਧ ਹੋਣ ਦਾ ਸਦਕ ਕੋਮਸੋਮੋਲ ਭਾਰੀ ਵਕਾਰ ਤੇ ਹੱਕੀ ਇਜ਼ਤ ਦੀ ਮਾਲਕ ਹੈ। ਇਹਨੂੰ ਇਹ ਹਕ ਦਿਤੇ ਗਏ ਹਨ ਕਿ ਇਹ ਕੰਮ, ਤਾਲੀਮ, ਸਭਿਆਚਾਰਕ ਸੇਵਾਵਾਂ ਅਤੇ ਨੌਜਵਾਨਾਂ ਦੀ ਦਿਲਚਸਪੀ ਦੇ ਰੋਜ਼ਾਨਾ ਜੀਵਨ ਦੀਆਂ ਸਮਸਿਆਵਾਂ ਸਬੰਧੀ ਹਕੂਮਤ ਜਾਂ ਵਜ਼ਾਰਤ ਨਾਲ ਸਿਧੀ ਗਲ ਬਾਤ ਕਰ ਸਕਦੀ ਹੈ।

ਕੋਮਸੋਮੋਲ ਜਥੇਬੰਦੀਆਂ ਦੀਆਂ ਆਪਣੀਆਂ ਕਲਬਾਂ ਤੇ ਲਾਇਬਰੇਰੀਆਂ, ਪਬਲਿਸ਼ਿੰਗ ਹਾਊਸ, ਅਖਬਾਰ ਤੇ ਅਨੇਕਾਂ ਵਡਿਆਂ ਦੀਆਂ ਤੇ ਬਚਿਆਂ ਦੀਆਂ ਮੈਗਜ਼ੀਨਾਂ ਹਨ। ਕੋਮਸੋਮੋਲ ਵਲੋਂ ਛਪਦੇ ਸਭਨਾਂ ਅਖਬਾਰਾਂ ਤੇ ਮੈਗਜ਼ੀਨਾਂ ਦੀ ਕੁਲ ਪ੍ਰਕਾਸ਼ਨਾ ਇਕ ਕਰੋੜ ਹੈ।

ਦੇਸ ਦੀਆਂ ਬੇਮਿਸਾਲ ਸੇਵਾਵਾਂ ਲਈ ਕੋਮਸੋਮੋਲ ਨੂੰ ਉਚੇ ਖ਼ਿਤਾਬ ਦਿਤੇ ਗਏ ਹਨ। ਇਹਨੂੰ ਦੋ ਵਾਰ "ਆਰਡ ਆਫ਼ ਲੈਨਿਨ", "ਆਰਡਰ ਆਫ਼ ਰੈੱਡ ਬੈਨਰ" ਅਤੇ "ਆਰਡਰ ਆਫ਼ ਰੈੱਡ ਬੈਨਰ ਆਫ਼ ਲੇਬਰ" ਦੇ ਖ਼ਿਤਾਬ ਮਿਲ ਚੁਕੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੋਮਸੋਮੋਲ ਨੌਜਵਾਨਾਂ ਦੀ ਸੰਸਾਰ-ਫੈਡਰੇਸ਼ਨ ਨਾਲ ਸਬੰਧਤ ਹੈ।

੯੩. ਸੋਵੀਅਟ ਯੂਨੀਅਨ ਵਿਚ ਸਿਰਫ਼ ਇਕੋ ਸਿਆਸੀ ਪਾਰਟੀ ਕਿਉਂ ਹੈ ?

ਸੋਵੀਅਟ ਯੂਨੀਅਨ ਵਿਚ ਕਮਿਊਨਿਸਟ ਪਾਰਟੀ ਹੀ ਇਕੋ ਇਕ ਸਿਆਸੀ ਪਾਰਟੀ ਹੈ।

ਦੇਸ ਵਿਚ ਇਕੋ ਇਕ ਪਾਰਟੀ ਦਾ ਹੋਣਾ ਸੋਵੀਅਟ ਸੋਸ਼ਲਿਸਟ ਸਮਾਜ ਦਾ ਹੀ ਸਿੱਟਾ ਹੈ।

ਸੋਵੀਅਟ ਯੂਨੀਅਨ ਵਿਚ ਕੋਈ ਬੁਰਜੁਆਜ਼ੀ (ਸਰਮਾਏਦਾਰ ਜਮਾਤ) ਨਹੀਂ ਹੈ, ਕੋਈ ਜ਼ਿਮੀਂਦਾਰ ਜਾਂ ਕੁਲਕ ਨਹੀਂ ਹਨ। ਦੂਜੇ ਸ਼ਬਦਾਂ ਵਿਚ, ਉਥੇ ਦੂਜਿਆਂ ਦੀ ਮਿਹਨਤ ਦੀ ਲੁਟ ਖਸੁਟ ਕਰਕੇ ਜਿਉਣ ਵਾਲੇ ਕੋਈ ਲੋਕ ਨਹੀਂ ਹਨ।

ਸੋਵੀਅਟ ਯੂਨੀਅਨ ਵਿਚ ਸਿਰਫ਼ ਦੋ ਜਮਾਤਾਂ ਹਨ—ਮਜ਼ਦੂਰ ਤੇ ਕਿਸਾਨ, ਅਤੇ ਇਨ੍ਹਾਂ ਦੇ ਲਾਭ ਤੇ ਮਨੋਰਥ ਇਕ ਦੂਜੇ ਨਾਲ ਟਕਰਾਂਦੇ ਨਹੀਂ, ਸਗੋਂ ਇਕ-ਸਮਾਨ ਹਨ। ਕਿਉਂ ਜੁ ਸੋਵੀਅਟ ਯੂਨੀਅਨ ਵਿਚ ਸਮਾਜ ਦੀ ਇਖਲਾਕੀ ਤੇ ਸਿਆਸੀ ਏਕਤਾ ਹਾਸਲ ਕਰ ਲਈ ਗਈ ਹੈ, ਇਸ ਲਈ ਉਥੇ ਕਈ ਪਾਰਟੀਆਂ ਦੀ ਹੋਂਦ ਲਈ ਕੋਈ ਕਾਰਨ ਹੀ ਨਹੀਂ ਹੈ। ਉਥੇ ਸਿਰਫ਼ ਇਕੋ ਪਾਰਟੀ ਲਈ ਬੁਨਿਆਦ ਹੈ। ਸੋਵੀਅਟ ਲੋਕਾਂ ਦੀ ਇਹ ਇਕੋ ਇਕ ਸਿਆਸੀ ਜਥੇਬੰਦੀ ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਹੈ।

ਪਿਛਲੇ ਪੰਜਾਹ ਵਰ੍ਹਿਆਂ ਵਿਚ ਸੋਵੀਅਟ ਯੂਨੀਅਨ ਦੇ ਲੋਕਾਂ ਨੇ ਉਹਨਾਂ ਸਭਨਾਂ ਮੁਖੀ ਪਾਰਟੀਆਂ ਦਾ ਅਮਲ ਵਿਚ ਇਮਤਿਹਾਨ ਲੈ ਲਿਆ ਹੈ ਜਿਹੜੀਆਂ ਰੂਸ ਵਿਚ ਮੌਜੂਦ ਸਨ। ਜ਼ਿਮੀਂਦਾਰਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਾਰਟੀ (ਖੱਬੇ ਸੱਜੇ), ਸਰਮਾਏਦਾਰਾਂ ਦੀ ਪਾਰਟੀ (ਮਾਡੀਨੀ-ਡੈਮੋਕਰੇਟ-ਕੋਡਟ), ਮੈਨਸ਼ਵਿਕਾਂ ਦੀ ਪਾਰਟੀ (ਸੱਜੇ-ਧੜੇ ਦੇ "ਸੋਸ਼ਲਿਸਟ)", ਕੁਲਕਾਂ ਦੀ ਰਖਿਆ ਕਰਨ ਵਾਲਿਆਂ ਦੀ ਪਾਰਟੀ (ਸੋਸ਼ਲਿਸਟ ਇਨਕਲਾਬੀਏ), ਅਤੇ ਕਮਿਊਨਿਸਟਾਂ ਦੀ ਪਾਰਟੀ।

ਜਦੋਂ ਆਮ ਲੋਕਾਂ ਨੂੰ ਯਕੀਨ ਹੋ ਗਿਆ ਕਿ ਸਿਰਫ ਕਮਿਊਨਿਸਟ ਪਾਰਟੀ ਹੀ ਸੱਚੀ ਲੋਕ-ਪਾਰਟੀ ਹੈ, ਇਕੋ ਇਕ ਪਾਰਟੀ ਜਿਸ ਨੇ ਨਿਡਰ ਹੋ ਕੇ ਤੇ ਪੂਰੀ ਤਰ੍ਹਾਂ ਮਜ਼ਦੂਰਾਂ ਤੇ ਕਿਸਾਨਾਂ ਦੇ ਲਾਭਾਂ ਦੀ ਰਖਿਆ ਕੀਤੀ, ਤਾਂ ਉਹਨਾਂ ਨੇ ਸਭ ਬੁਰਜ਼ੁਆ ਪਾਰਟੀਆਂ ਨੂੰ ਤਿਆਗ ਦਿਤਾ ਤੇ ਕਮਿਊਨਿਸਟ ਪਾਰਟੀ ਨੂੰ ਚੁਣ ਲਿਆ।

ਸੋਵੀਅਟ ਯੂਨੀਅਨ ਵਿਚ ਪਾਰਟੀ ਤੇ ਲੋਕ ਇਕ ਤਾਕਤਵਰ ਇਕ-ਮੁਠ ਸ਼ਕਤੀ ਬਣ ਚੁਕੇ ਹਨ।

੯੪. ਸੋਵੀਅਟ ਯੂਨੀਅਨ ਵਿਚ ਕਮਿਊਨਿਸਟ ਪਾਰਟੀ ਦਾ ਕੀ ਰੋਲ ਹੈ?

ਕਮਿਊਨਿਸਟ ਪਾਰਟੀ ਸੋਵੀਅਟ ਸਮਾਜ ਦੀ ਮੁਖ ਆਗੂ ਤੇ ਚਾਲਕ ਸ਼ਕਤੀ ਹੈ।

ਸੋਸ਼ਲਿਸਟ ਸਮਾਜ, ਜੋ ਸੋਵੀਅਟ ਯੂਨੀਅਨ ਵਿਚ ਉਸਾਰੀ ਜਾ ਚੁੱਕੀ ਹੈ, ਦੀ ਉੱਨਤੀ ਦੀ ਚਾਲਕ ਸੋਵੀਅਟ ਸਟੇਟ ਹੈ, ਜਿਸ ਵਿਚ ਮਜ਼ਦੂਰ ਜਮਾਤ ਮੁਖ ਆਗੂ ਭਾਗ ਲੈਂਦੀ ਹੈ। ਪਰ ਮਜ਼ਦੂਰ ਜਮਾਤ ਬਿਨਾ ਮਾਰਕਸਵਾਦੀ–ਲੈਨਿਨਵਾਦੀ ਸਿਧਾਂਤ ਨਾਲ ਸ਼ਸਤਰ-ਬੰਦ ਮੁਹਰਲੇ ਦਸਤੇ ਦੇ ਸਮਾਜ ਦੀ ਸਟੇਟ ਲੀਡਰਸ਼ਿਪ ਦਾ ਰੋਲ ਅਦਾ ਨਹੀਂ ਕਰ ਸਕਦੀ।

ਮਜ਼ਦੂਰ ਜਮਾਤ ਤੇ ਦੂਜੇ ਸਭ ਮਿਹਨਤਕਸ਼ ਲੋਕਾਂ ਦਾ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਹਰਲਾ ਦਸਤਾ ਕਮਿਊਨਿਸਟ ਪਾਰਟੀ ਹੈ। ਮਜ਼ਦੂਰ ਜਮਾਤ ਨੂੰ ਸਿਰਫ਼ ਰਾਜ ਅਧਿਕਾਰ ਦੀ ਪ੍ਰਾਪਤੀ ਲਈ ਹੀ ਨਹੀਂ, ਸਗੋਂ ਇਸ ਤੇ ਕਬਜ਼ਾ ਕਾਇਮ ਰਖਣ ਲਈ, ਇਹਨੂੰ ਸੁਦ੍ਰਿੜ੍ਹ ਬਨਾਣ ਲਈ ਅਤੇ ਇਕ ਕਮਿਊਨਿਸਟ ਸਮਾਜ ਉਸਾਰਨ ਵਾਸਤੇ ਇਹਦੀ ਵਰਤੋਂ ਕਰਨ ਲਈ ਵੀ ਪਾਰਟੀ ਦੀ ਲੋੜ ਹੈ।

ਉਨ੍ਹੀਵੀਂ ਕਾਂਗਰਸ ਤੇ ਪਰਵਾਨ ਹੋਏ ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਨਿਯਮਾਂ ਵਿਚ ਦਰਜ ਹੈ :

"ਹੁਣ ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੇ ਮੁਖ ਕੰਮ ਇਹ ਹਨ: ਸੋਸ਼ਲਿਜ਼ਮ ਤੋਂ ਕਮਿਊਨਿਜ਼ਮ ਵੱਲ ਦਰਜੇਵਾਰ ਤਬਦੀਲੀ ਲਿਆ ਕੇ ਕਮਿਊਨਿਸਟ ਸਮਾਜ ਉਸਾਰਨਾ, ਸਮਾਜ ਦੀ ਪਦਾਰਥਕ ਤੇ ਸਭਿਆਚਾਰਕ ਪੱਧਰ ਨੂੰ ਲਗਾਤਾਰ ਉਚਾ ਚੁਕਣਾ, ਸਮਾਜ ਦੇ ਮੈਂਬਰਾਂ ਨੂੰ ਕੌਮਾਂਤ੍ਰੀਵਾਦੀ ਦੀ ਭਾਵਨਾਂ ਵਿਚ ਸੁਸਿਖਸ਼ਤ ਕਰਨਾ ਅਤੇ ਸਭ ਦੇਸ਼ਾਂ ਦੇ ਮਿਹਨਤਕਸ਼ ਲੋਕਾਂ ਨਾਲ ਭਰਾਤਰੀ ਸੰਬੰਧ ਸਥਾਪਤ ਕਰਨਾ, ਦੁਸ਼ਮਣ ਦੀਆਂ ਮੁਲਕ ਮਾਰੂ ਕਾਰਵਾਈਆਂ ਦੇ ਖਿਲਾਫ ਸੋਵੀਅਟ ਮਾਤ-ਭੂਮੀ ਦੀ ਸੁਰੱਖਿਆ ਨੂੰ ਹਰ ਤਰ੍ਹਾਂ ਸੁਦ੍ਰਿੜ੍ਹ ਬਨਾਣਾ।"

ਸੋਵੀਅਟ ਰਾਜ-ਬਣਤਰ ਦੀ ੧੨੬ਵੀਂ ਧਾਰਾ ਅਨੁਸਾਰ ਸੋਵੀਅਟ ਸਟੇਟ ਵਿਚ ਪਾਰਟੀ ਦੇ ਆਗੂ-ਰੋਲ ਨੂੰ ਕਾਨੂੰਨੀ ਸ਼ਕਤੀ ਦੇ ਦਿਤੀ ਗਈ ਹੈ।

ਇਸ ਧਾਰਾ ਵਿਚ ਦਰਜ ਹੈ ਕਿ ਮਜ਼ਦੂਰ ਜਮਾਤ ਦੇ ਅਤੇ ਮਿਹਨਤਕਸ਼ ਜਨਤਾ ਦੇ ਦੂਜੇ ਹਿਸਿਆਂ ਦੇ ਸਭ ਤੋਂ ਸਰਗਰਮ ਤੇ ਸਿਆਸੀ ਤੌਰ ਤੇ ਸਭ ਤੋਂ ਸੂਝਵਾਨ ਸ਼ਹਿਰੀ ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਵਿਚ ਜਥੇਬੰਦ ਹੁੰਦੇ ਹਨ, ਜਿਹੜੀ ਪਾਰਟੀ ਕਿ ਸੋਸ਼ਲਿਸਟ ਸਮਾਜ ਨੂੰ ਮਜ਼ਬੂਤ ਬਨਾਣ ਤੇ ਇਹਨੂੰ ਤਰੱਕੀ ਦੇਣ ਦੇ ਸੰਗਰਾਮ ਵਿਚ ਮਿਹਨਤਕਸ਼ ਜਨਤਾ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਹਰਲੇ ਦਸਤੇ ਦਾ ਕੰਮ ਕਰਦੀ ਹੈ, ਅਤੇ ਇਹ ਮਿਹਨਤਕਸ਼ ਲੋਕਾਂ ਦੀਆਂ ਸਭ ਜਥੇਬੰਦੀਆਂ, ਜਨਤਕ ਤੇ ਸਰਕਾਰੀ ਦੋਵੇਂ ਪ੍ਰਕਾਰ ਦੀਆਂ ਜਥੇਬੰਦੀਆਂ ਦੀ ਕੇਂਦਰੀ ਆਗੂ ਸ਼ਕਤੀ ਹੈ।

ਸੋਵੀਅਟ ਸਟੇਟ ਦੀ ਹੋਂਦ ਤੇ ਉਨਤੀ ਲਈ ਪਾਰਟੀ ਦੀ ਅਗਵਾਈ ਸਭ ਤੋਂ ਮਹੱਤਵ-ਪੂਰਨ ਸ਼ਰਤ ਹੈ, ਇਹੋ ਹੀ ਇਹਦੀ ਮਜ਼ਬੂਤੀ ਤੇ ਤਾਕਤ ਦਾ ਸੋਮਾ ਹੈ।

ਸੋਵੀਅਟ ਸਟੇਟ ਵਿਚ ਪਾਰਟੀ ਦਾ ਆਗੂ-ਰੋਲ ਕਿਵੇਂ ਪ੍ਰਗਟ ਹੁੰਦਾ ਹੈ ?

ਇਹ ਇਸ ਤਰ੍ਹਾਂ ਪ੍ਰਗਟ ਹੁੰਦਾ ਹੈ ਕਿ ਸਭ ਸਰਕਾਰੀ ਤੇ ਜਨਤਕ ਸੰਸਥਾਵਾਂ ਦੇ ਸਭ ਕੰਮਾਂ ਦੇ ਰੁਖ਼ ਦਾ ਫੈਸਲਾ ਪਾਰਟੀ ਕਰਦੀ ਹੈ।

ਸੋਵੀਅਟ ਸਟੇਟ ਵਿਚ ਪਾਰਟੀ ਦੇ ਆਗੂ ਰੋਲ ਦਾ ਸਭ ਤੋਂ ਉਚਾ ਪ੍ਰਗਟਾਵਾ ਇਸ ਗਲੋਂ ਹੁੰਦਾ ਹੈ ਕਿ ਕੋਈ ਵੀ ਸਰਕਾਰੀ ਸੰਸਥਾ ਜਾਂ ਜਨਤਕ ਜਥੇਬੰਦੀ ਕਿਸੇ ਵੀ ਅਹਿਮ ਸਿਆਸੀ ਜਾਂ ਜਥੇਬੰਦਕ ਸੁਆਲ ਦਾ ਫੈਸਲਾ ਪਾਰਟੀ ਦੀ ਅਗਵਾਈ ਬਿਨਾਂ ਨਹੀਂ ਕਰਦੀ।

ਸੋਵੀਅਟ ਸਟੇਟ ਦੀਆਂ ਸਰਗਰਮੀਆਂ ਦੀ ਅਗਵਾਈ ਕਰਦਿਆਂ ਪਾਰਟੀ ਸਰਕਾਰੀ ਜਾਂ ਜਨਤਕ ਸੰਸਥਾਵਾਂ ਦੀ ਥਾਂ ਨਹੀਂ ਲੈ ਲੈਂਦੀ। ਉਹ ਇਨ੍ਹਾਂ ਸੰਸਥਾਵਾਂ ਦੁਆਰਾ ਅਰਥਾਤ ਸੋਵੀਅਟਾਂ, ਟਰੇਡ ਯੂਨੀਅਨਾਂ, ਯੰਗ ਕਮਿਊਨਿਸਟ ਲੀਗ, ਸਾਂਝੇ ਖੇਤਾਂ, ਕੋ-ਆਪਰੇਟਿਵਾਂ, ਆਦਿ, ਰਾਹੀਂ ਆਪਣੀ ਪਾਲਸੀ ਜਨਤਾ ਸਾਹਮਣੇ ਰਖਦੀ ਹੈ। ਇਹ ਸੰਸਥਾਵਾਂ ਜਿਨ੍ਹਾਂ ਵਿਚ ਕਰੋੜਾਂ ਲੋਕ ਸ਼ਾਮਲ ਹਨ, ਕਮਿਊਨਿਸਟ ਪਾਰਟੀ ਦੀ ਅਗਵਾਈ ਨੂੰ ਪਰਵਾਨ ਕਰਦੀਆਂ ਹਨ ਤੇ ਇਹਦੀ ਪਾਲਸੀ ਨੂੰ ਅਮਲ ਵਿਚ ਲਿਆਉਂਦੀਆਂ ਹਨ ਕਿਉਂ ਜੁ ਸੋਵੀਅਟ ਯੂਨੀਅਨ ਦੀ ਮਜ਼ਦੂਰ ਜਮਾਤ ਨੇ ਆਪਣੇ

ਪੁਸਤਕਾਲਯ
CC-0. In Public Domain. Gurukul Kangri Collection, Haridwar
ਗੁਰੂਕੁਲ ਕਾਂਗੜੀ

Digitized by Arya Samaj Foundation Chennai and eGangotri
ਤਜਰਬੇ ਤੋਂ ਇਹ ਸਿਖ ਲਿਆ ਹੈ ਕਿ ਪਾਰਟੀ ਉਹਨਾਂ ਦੀ ਭਰੋਸੇ ਯੋਗ ਆਗੂ, ਰਹਿਬਰ ਤੇ ਉਸਤਾਦ ਹੈ।

ਸੋਵੀਅਟ ਲੋਕਾਂ ਨੇ ਕਮਿਊਨਿਸਟ ਪਾਰਟੀ ਨੂੰ ਬਿਲਕੁਲ ਆਪਣਾ ਹੀ ਮੰਨ ਲਿਆ ਹੈ। ਉਹਨਾਂ ਦੇ ਦਿਲਾਂ ਵਿਚ ਇਹਦੇ ਲਈ ਡੂੰਘਾ ਪਿਆਰ ਹੈ ਤੇ ਉਹ ਵਫਾਦਾਰੀ ਨਾਲ ਇਹਦੀ ਹਮਾਇਤ ਕਰਦੇ ਹਨ।

੬੫. ਕਮਿਊਨਿਸਟ ਪਾਰਟੀ ਦੀ ਤਾਕਤ ਦਾ ਸੋਮਾ ਕੀ ਹੈ?

ਕਮਿਊਨਿਸਟ ਪਾਰਟੀ ਦੀ ਤਾਕਤ ਦਾ ਮੁਖ ਸੋਮਾਂ ਤਾਂ ਇਹ ਹੈ ਕਿ ਇਹ ਮਾਰਕਸਵਾਦ-ਲੈਨਿਨਵਾਦ ਦੇ ਸਭ ਤੋਂ ਉੱਨਤ ਇਨਕਲਾਬੀ ਸਿਧਾਂਤ ਨਾਲ ਸ਼ਸਤਰ-ਬੰਧ ਹੈ। ਪਾਰਟੀ ਦੇ ਮੋਢੀ ਵੀ. ਆਈ. ਲੈਨਿਨ ਦੇ ਸ਼ਬਦ ਹਨ: "ਮੁਹਰਲੇ ਦਸਤੇ ਦਾ ਕੰਮ ਸਿਰਫ ਇਕ ਉਹ ਪਾਰਟੀ ਹੀ ਸਿਰੇ ਚੜ੍ਹਾ ਸਕਦੀ ਹੈ ਜਿਸ ਦੀ ਅਗਵਾਈ ਸਭ ਤੋਂ ਵਧ ਉੱਨਤ ਸਿਧਾਂਤ ਕਰਦਾ ਹੋਵੇ।"

ਮਾਰਕਸਵਾਦ-ਲੈਨਿਨਵਾਦ ਦਾ ਸਿਧਾਂਤ ਸਮਾਜ-ਵਿਕਾਸ ਦੇ ਕਾਨੂੰਨਾਂ ਨੂੰ ਦਰਸਾ ਕੇ ਕਮਿਊਮਿਸਟ ਪਾਰਟੀ ਨੂੰ ਇਸ ਯੋਗ ਬਣਾਂਦਾ ਹੈ ਕਿ ਇਹ ਵਿਗਿਆਨਕ ਦ੍ਰਿਸ਼ਟੀ ਤੋਂ ਵਾਪਰਨ ਵਾਲੇ ਹਾਲਾਤ ਨੂੰ ਪਹਿਲਾਂ ਹੀ ਜਾਣ ਸਕੇ, ਇਕ ਸਹੀ ਪਾਲਸੀ ਤਿਆਰ ਕਰ ਸਕੇ ਤੇ ਇਹਨੂੰ ਅਮਲ ਵਿਚ ਲਿਆ ਸਕੇ, ਅਤੇ ਹਾਲਾਤ ਦਾ ਰੁਖ ਮਿਹਨਤਕਸ਼ ਜਨਤਾ ਦੇ ਲਾਭਾਂ ਦੇ ਹੱਕ ਵਿਚ ਮੋੜ ਸਕੇ।

ਮਾਰਕਸੀ-ਲੈਨਿਨੀ ਸਿਧਾਂਤ ਦੀ ਮਦਦ ਨਾਲ ਪਾਰਟੀ ਸੋਵੀਅਟ ਜਨਤਾ ਨੂੰ ਬਿਨਾਂ ਭੁੱਲੇ ਭਟਕੇ ਕਮਿਊਨਿਜ਼ਮ ਤਕ ਲਿਜਾ ਸਕਦੀ ਹੈ, ਤੇ ਇਸ ਮਨੋਰਥ ਦੀ ਪ੍ਰਾਪਤੀ ਲਈ ਰਾਹ ਦੀਆਂ ਸਭ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੁਕਾਵਟਾਂ ਤੋਂ ਕਾਬੂ ਪਾ ਸਕਦੀ ਹੈ।

ਕਮਿਊਨਿਸਟ ਪਾਰਟੀ ਦੀ ਤਾਕਤ ਇਸ ਵਿਚ ਹੈ ਕਿ ਇਹਦੀਆਂ ਸਫਾਂ ਵਿਚ ਅਟੁਟ ਏਕਤਾ ਹੈ, ਇੱਛਾ ਤੇ ਅਮਲ ਦੀ ਏਕਤਾ ਹੈ, ਤੇ ਪਾਰਟੀ ਮੈਂਬਰ ਆਪਣੀ ਇੱਛਾ ਨੂੰ ਪਾਰਟੀ ਦੀ ਇੱਛਾ ਤੇ ਮਰਜ਼ੀ ਨਾਲ ਢਾਲ ਸਕਣ ਦੀ ਯੋਗਤਾ ਰਖਦੇ ਹਨ। ਪਾਰਟੀ ਲਗਾਤਾਰ ਮਜ਼ਦੂਰ ਜਮਾਤ ਨਾਲ ਆਪਣੇ ਸਬੰਧ ਪੱਕੇ ਕਰਦੀ ਹੈ, ਜੋ ਕੁਝ ਮਜ਼ਦੂਰ ਕਹਿਣਾ ਚਾਹੁੰਦੇ ਹਨ ਉਹਨਾਂ ਨੂੰ ਸੁਣਦੀ ਹੈ, ਉਹਨਾਂ ਦੀਆਂ ਲੋੜਾਂ ਨੂੰ ਸਮਝਦੀ ਹੈ, ਅਤੇ ਸਿਰਫ਼ ਉਹਨਾਂ ਨੂੰ ਸਿਖਾਂਦੀ ਹੀ ਨਹੀਂ ਸਗੋਂ ਉਹਨਾਂ ਤੋਂ ਸਿਖਦੀ ਵੀ ਹੈ।

ਇਹੋ ਕਾਰਨ ਹੈ ਕਿ ਪਾਰਟੀ ਨੂੰ ਮਜ਼ਦੂਰ ਜਮਾਤ ਦਾ ਅਟੁਟ ਵਿਸ਼ਵਾਸ਼ ਪ੍ਰਾਪਤ ਹੈ। ਅਮਲੀ ਰੂਪ ਵਿਚ ਇਹ ਜਾਣ ਕੇ ਕਿ ਕਮਿਊਨਿਸਟ ਪਾਰਟੀ ਲੋਕਾਂ ਦੀ ਖੁਸ਼ਹਾਲੀ ਲਈ ਲੜਦੀ ਹੈ, ਲੋਕ ਪਾਰਟੀ ਤੇ ਭਰੋਸਾ ਕਰਦੇ ਹਨ ਤੇ ਇਹਦੇ ਮਗਰ ਚਲਦੇ ਹਨ। ਮਜ਼ਦੂਰ ਜਮਾਤ ਨਾਲ ਇਹਦੇ ਅਟੁਟ ਸੰਬੰਧ ਹੀ ਕਮਿਊਨਿਸਟ ਪਾਰਟੀ ਦੀ ਅਜਿਤ ਸ਼ਕਤੀ ਦਾ ਸੋਮਾ ਹਨ।

੯੬. ਪੜਚੋਲ ਤੇ ਆਪਾ-ਪੜਚੋਲ ਦੇ ਕੀ ਅਰਥ ਹਨ ?

ਸੋਵੀਅਟ ਸੋਸ਼ਲਿਸਟ ਸਟੇਟ ਵਿਚ ਜਿਥੇ ਮਜ਼ਦੂਰ, ਕਿਸਾਨ ਤੇ ਵਿਦਵਾਨ ਲੋਕ ਆਪਣੇ ਦੇਸ ਦੇ ਆਪ ਮਾਲਕ ਹਨ, ਸਭ ਮਿਹਨਤਕਸ਼ ਲੋਕ ਇਸ ਗਲ ਵਿਚ ਬਰਾਬਰ ਦਿਲਚਸਪੀ ਰਖਦੇ ਹਨ ਕਿ ਉਹਨਾਂ ਦੇ ਸਭ ਅਦਾਰੇ ਤੇ ਜਥੇਬੰਦੀਆਂ, ਉਨ੍ਹਾਂ ਦੇ ਸੱਨਅਤੀ ਕਾਰਖਾਨੇ ਤੇ ਸਾਂਝੇ ਫਾਰਮ ਚੰਗੀ ਤਰ੍ਹਾਂ ਕੰਮ ਕਰਨ ਤਾਂ ਜੁ ਦਿਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਦਿਨ ਉਹ ਲੋਕਾਂ ਨੂੰ ਵਧੇਰੇ ਮਾਦੀ ਤੇ ਸਭਿਆਚਾਰਕ ਸਹੂਲਤਾਂ ਮੁਹਈਆ ਕਰ ਸਕਣ।

ਇਸੇ ਕਰ ਕੇ, ਆਪਣੀਆਂ ਮੀਟਿੰਗਾਂ ਤੇ, ਕਾਨਫਰੰਸਾਂ ਤੇ, ਸੋਵੀਅਟਾਂ ਦੇ ਅਜਲਾਸਾਂ ਤੇ ਅਤੇ ਅਖਬਾਰਾਂ ਵਿਚ ਸੋਵੀਅਟ ਲੋਕ, ਕਮਿਊਨਿਸਟ ਤੇ ਨਾਨ-ਪਾਰਟੀ ਲੋਕ ਦੋਵੇਂ ਹੀ, ਸਰਕਾਰੀ ਅਦਾਰਿਆਂ ਤੇ ਜਨਤਕ ਕਾਰਖਾਨਿਆਂ ਦੇ ਕੰਮਾਂ ਵਿਚ ਨੁਕਸਾਂ ਨੂੰ ਡਟ ਕੇ ਨੰਗਾ ਕਰਦੇ ਹਨ ਤੇ ਮਾੜੇ ਆਗੂਆਂ ਦੀ ਨੁਕਤਾਚੀਨੀ ਕਰਦੇ ਹਨ। ਉਹ ਆਪਣੇ ਕੰਮ ਦੀ ਵੀ ਪੜਚੋਲ ਕਰਦੇ ਹਨ।

ਸਰਕਾਰੀ ਅਫਸਰਾਂ, ਸੋਵੀਅਟਾਂ ਦੇ ਡਿਪਟੀਆਂ ਦੇ ਕੰਮ ਵਲ, ਅਤੇ ਸਾਥੀ-ਮਜ਼ਦੂਰਾਂ ਦੇ ਕੰਮ ਵਲ ਤੇ ਖੁਦ ਆਪਣੇ ਕੰਮ ਵਲ ਇਸ ਪੜਚੋਲੀ ਵਤੀਰੇ ਨੂੰ ਸੋਵੀਅਟ ਲੋਕ ਪੜਚੋਲ ਤੇ ਆਪਾ-ਪੜਚੋਲ ਆਖਦੇ ਹਨ।

ਪੜਚੋਲ ਤੇ ਆਪਾ-ਪੜਚੋਲ ਦੇ ਢੰਗਾਂ ਨੂੰ ਸੋਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਆਪਣੇ ਰੋਜ਼ਾਨਾ ਕੰਮ ਵਿਚ ਸਦਾ ਤੋਂ ਵਰਤਦੀ ਆਈ ਹੈ ਤੇ ਵਰਤ ਰਹੀ ਹੈ। ਤੇ ਕਿਉਂ ਜੁ ਸੋਵੀਅਟ ਯੂਨੀਅਨ ਵਿਚ ਕਮਿਊਨਿਸਟਾਂ ਤੇ ਨਾਨ-ਪਾਰਟੀ (ਅ-ਦਲੀ) ਲੋਕਾਂ ਸਾਹਮਣੇ ਇਕ ਹੀ ਕੰਮ ਹੈ, ਇਕੋ ਤੇ ਉਹੋ ਹੀ ਮਨੋਰਥ ਹੈ ਅਰਥਾਤ ਕਮਿਊਨਿਸਟ ਸਮਾਜ ਦੀ ਉਸਾਰੀ ਦਾ, ਇਸ ਲਈ ਪਾਰਟੀ ਵਲੋਂ ਆਪਣੇ ਕੰਮ ਵਿਚ ਵਰਤੇ ਗਏ ਇਹ ਢੰਗ ਸਭ ਸੋਵੀਅਟ ਲੋਕਾਂ ਦੇ ਰੋਜ਼ਾਨਾ ਕਾਰਜ-ਢੰਗ ਬਣ ਗਏ ਹਨ।

ਪੜਚੋਲ ਤੇ ਆਪਾ-ਪੜਚੋਲ ਸੋਵੀਅਟ ਸਮਾਜ ਦੇ ਵਿਕਾਸ ਵਿਚ ਇਕ ਭਾਰੀ ਤਾਕਤ ਬਣ ਗਈ ਹੈ। ਕੰਮ ਦੀਆਂ ਖ਼ਰਾਬੀਆਂ ਦੀ ਸਪਸ਼ਟ ਰੂਪ ਵਿਚ ਪੜਚੋਲ ਹੋਣ ਕਰ ਕੇ ਸੋਵੀਅਟ ਲੋਕ ਆਪਣੀਆਂ ਕਾਮਯਾਬੀਆਂ ਨਾਲ ਸੰਤੁਸ਼ਟ ਨਹੀਂ ਹੁੰਦੇ, ਉਹ ਹੱਥਲ ਹੋ ਕੇ ਨਹੀਂ ਬਹਿੰਦੇ, ਸਗੋਂ ਆਪਣੀ ਸੋਸ਼ਲਿਸਟ ਆਰਥਕਤਾ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਰੱਕੀ ਲਈ ਸਦਾ ਅਗਾਹ ਵਲ ਵਧਦੇ ਹਨ।

ਪੜਚੋਲ ਤੇ ਆਪਾ-ਪੜਚੋਲ ਦਾ ਢੰਗ ਇਸ ਗਲ ਲਈ ਸਹਾਈ ਹੁੰਦਾ ਹੈ ਕਿ ਕਰੋੜਾਂ ਮਿਹਨਤਕਸ਼ ਲੋਕ ਸਟੇਟ ਦੇ ਅਹਿਮ ਮਸਲਿਆਂ ਨੂੰ ਹਲ ਕਰਨ ਵਿਚ ਹਿਸਾ ਲੈਣ, ਆਪਣੀ ਸਰਗਰਮੀ ਤੇਜ਼ ਕਰਨ, ਅਤੇ ਆਪਣੇ ਵਿਚ ਇਹ ਜਜ਼ਬਾ ਪੈਦਾ ਕਰਨ ਕਿ ਉਹ ਆਪ ਦੇਸ ਦੇ ਮਾਲਕ ਹਨ ।

ਕੰਮ ਦੀਆਂ ਖਰਾਬੀਆਂ ਦੀ ਖੁਲ੍ਹ ਕੇ ਪੜਚੋਲ ਕਰਨ ਤੇ ਇਸ ਮੌਕੇ ਦਾ ਲਾਭ ਉਠਾ ਕੇ ਮਿਹਨਤਕਸ਼ ਲੋਕ ਆਪਣੇ ਦੇਸ ਤੇ ਇਹਦੀ ਆਰਥਕਤਾ ਦੀ ਰਹਿਨੁਮਾਈ ਵਿਚ ਸਰਗਰਮ ਹਿਸਾ ਲੈਣ ਲਗ ਪਏ ਹਨ।

ਸਰਕਾਰੀ, ਆਰਥਕ ਤੇ ਜਨਤਕ ਜਥੇਬੰਦੀਆਂ ਦੇ ਘਟੀਆ ਕੰਮ ਦੀ ਆਮ ਜਨਤਾ ਦੁਆਰਾ ਪੜਚੋਲ ਸੋਵੀਅਟ ਸੋਸ਼ਲਿਸਟ ਪ੍ਰਬੰਧ ਦੀ ਸੱਚੀ ਜਮਹੂਰੀਅਤ ਦਾ ਇਕ ਸਾਫ਼ ਸਬੂਤ ਹੈ।

ਕਮਿਊਨਿਸਟ ਪਾਰਟੀ ਅਤੇ ਸੋਵੀਅਟਾਂ ਅਤੇ ਸੋਵੀਅਟ ਯੂਨੀਅਨ ਦੇ ਮਿਹਨਤਕਸ਼ ਲੋਕਾਂ ਦੀਆਂ ਸਭ ਜਥੇਬੰਦੀਆਂ ਦੇ ਕੁਲ ਕੰਮਾਂ ਵਿਚ ਪੜਚੋਲ ਤੇ ਆਪਾ-ਪੜਚੋਲ ਦੀ ਭਾਵਨਾ ਘਰ ਕਰ ਚੁਕੀ ਹੈ ।

੯੭. ਸੋਸ਼ਲਿਸਟ ਕੌਮਾਂ ਕੀ ਹਨ ?

ਸੋਵੀਅਟ ਯੂਨੀਅਨ ਇਕ ਬਹੁ-ਕੌਮੀ ਸਟੇਟ ਹੈ। ਇਸ ਵਿਚ ਸਠ ਤੋਂ ਉਪਰ ਕੌਮਾਂ, ਕੌਮੀ ਗਰੋਹ ਤੇ ਕੌਮੀਅਤਾਂ ਹਨ। ਸੋਵੀਅਟ ਸਰਕਾਰ ਦੀ ਸਥਾਪਤੀ ਤੋਂ ਪਹਿਲਾਂ, ਜ਼ਾਰਸ਼ਾਹੀ ਸਮੇਂ ਵਿਚ, ਇਨ੍ਹਾਂ ਚੋਂ ਬਹੁਤੀਆਂ ਕੌਮੀਅਤਾਂ ਜ਼ੁਲਮ ਤਸ਼ੱਦਦ ਦਾ ਸ਼ਿਕਾਰ ਸਨ। ਉਨ੍ਹਾਂ ਦੀ ਜ਼ਬਾਨ ਤੇ ਸਭਿਆਚਾਰ ਦਬਾਏ ਜਾਂਦੇ ਸਨ । ਜ਼ਾਰਸ਼ਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜ਼ੁਲਮਾਂ ਦੀ ਭੱਠੀ ਵਿਚ ਕਈ ਕੌਮੀਅਤਾਂ ਤਾਂ ਉਕਾ ਹੀ ਖ਼ਤਮ ਹੋ ਰਹੀਆਂ ਸਨ ।

ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਅਤੇ ਇਸ ਦੇ ਪਿਛੋਂ ਹੋਈਆਂ ਸੋਸ਼ਲਿਸਟ ਤਬਦੀਲੀਆਂ ਨੇ ਸੋਵੀਅਟ ਯੂਨੀਅਨ ਵਿਚ ਕੌਮੀਅਤਾਂ ਦੀ ਹਾਲਤ ਨੂੰ ਬੁਨਿਆਦੀ ਤੌਰ ਤੇ ਬਦਲ ਦਿਤਾ ਹੈ। ਸੋਸ਼ਲਿਜ਼ਮ ਨੇ ਸੋਵੀਅਟ ਯੂਨੀਅਨ ਦੀਆਂ ਸਭਨਾਂ ਕੌਮਾਂ ਤੇ ਕੌਮੀਅਤਾਂ ਨੂੰ ਆਜ਼ਾਦੀ ਬਖਸ਼ੀ ਤੇ ਉਨ੍ਹਾਂ ਦੀ ਆਜ਼ਾਦ ਕੌਮੀ ਤਰੱਕੀ ਦੀ ਜ਼ਾਮਨੀ ਦਿਤੀ ।

ਲੁਟ ਖਸੁਟ ਕਰਨ ਵਾਲੀਆਂ ਜਮਾਤਾਂ ਦੇ ਖਾਤਮੇ ਤੇ ਸੋਸ਼ਲਿਸਟ ਪ੍ਰਬੰਧ ਦੀ ਜਿਤ ਦੇ ਸਿਟੇ ਵਜੋਂ ਪਹਿਲੀਆਂ ਕੌਮਾਂ ਨਵੀਆਂ, ਸੋਸ਼ਲਿਸਟ ਕੌਮਾਂ ਬਣ ਗਈਆਂ ਹਨ ।

ਮੌਜੂਦਾ, ਸੋਸ਼ਲਿਸਟ ਕੌਮਾਂ ਕਿਸ ਪ੍ਰਕਾਰ ਇਨਕਲਾਬੋਂ ਪਹਿਲੇ ਰੂਸ ਦੀਆਂ ਕੌਮਾਂ ਨਾਲ ਵਖਰੀਆਂ ਹਨ ?

ਪਹਿਲੀਆਂ ਕੌਮਾਂ ਬੁਰਜ਼ੁਵਾ ਕੌਮਾਂ ਸਨ, ਕਿਉਂ ਜੁ ਉਨ੍ਹਾਂ ਦੀ ਮੁਖ ਆਗੂ ਸ਼ਕਤੀ ਬੁਰਜੁਆਜ਼ੀ ਤੇ ਬੁਰਜ਼ੁਆਜ਼ੀ ਦੀਆਂ ਕੌਮੀ ਪਾਰਟੀਆਂ ਸਨ ।

ਬੁਰਜ਼ੁਆਜ਼ੀ ਤੇ ਇਹਦੀਆਂ ਕੌਮੀ ਪਾਰਟੀਆਂ ਜਮਾਤੀ "ਅਮਨ" ਨੂੰ ਆਪਣੀਆਂ ਕੌਮਾਂ ਵਿਚ ਪਰਚਾਰਦੀਆਂ ਸਨ ਤਾਂ ਜੁ ਲੁਟ ਖਸੁਟ ਕਰਨ ਵਾਲੀਆਂ ਜਮਾਤਾਂ ਦਾ ਰਾਜ ਮਜ਼ਬੂਤ ਹੋਵੇ । ਉਨ੍ਹਾਂ ਨੇ ਦੂਜੀਆਂ ਕੌਮਾਂ ਦੇ ਇਲਾਕਿਆਂ ਤੇ ਕਬਜ਼ੇ ਕਰਕੇ ਆਪਣੀ ਕੌਮ ਦਾ ਇਲਾਕਾ ਵਧਾਣ ਦੇ ਯਤਨ ਕੀਤੇ। ਉਹ ਦੂਜੀਆਂ ਕੌਮਾਂ ਤੇ ਵਿਸ਼ਵਾਸ਼ ਨਾ ਕਰਨਾ ਤੇ ਉਨ੍ਹਾਂ ਨੂੰ ਘਿਰਣਾ ਕਰਨੀ ਸਿਖਾਂਦੀਆਂ ਸਨ, ਕੌਮੀ ਘਟ-ਗਿਣਤੀਆਂ ਤੇ ਜ਼ੁਲਮ ਢਾਹੁੰਦੀਆਂ ਸਨ ਅਤੇ ਸਾਮਰਾਜੀਆਂ ਨਾਲ ਇਕ-ਮਿਕ ਹੋ ਕੇ ਕੰਮ ਕਰਦੀਆਂ ਸਨ। ਅਜੇਹੀਆਂ ਸਨ ਪੁਰਾਣੀਆਂ ਬੁਰਜ਼ੁਆ ਕੌਮਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੋਵੀਅਟ ਯੂਨੀਅਨ ਦੀਆਂ ਸੋਸ਼ਲਿਸਟ ਕੌਮਾਂ ਦੀ ਬਣਤਰ ਬਿਲਕੁਲ ਵਖਰੀ ਹੈ।

ਇਹਨਾਂ ਕੌਮਾਂ ਦੀ ਮੁਖ ਆਗੂ ਸ਼ਕਤੀ ਮਜ਼ਦੂਰ ਜਮਾਤ ਤੇ ਉਹਦੀ ਕੌਮਾਂਤਰੀ ਮਜ਼ਦੂਰ ਪਾਰਟੀ ਹਨ, ਜਿਹੜੀਆਂ ਕਿ ਹਰ ਪ੍ਰਕਾਰ ਦੇ ਕੌਮੀ ਜ਼ੁਲਮ ਦੀਆਂ ਦੁਸ਼ਮਣ ਹਨ।

ਮਜ਼ਦੂਰਾਂ ਤੇ ਕਿਸਾਨਾਂ ਵਿਚ ਇਤਿਹਾਦ ਤਾਂ ਜੁ ਕਮਿਊਨਿਜ਼ਮ ਦੀ ਜਿਤ ਹੋਵੇ; ਕੌਮੀ ਜ਼ੁਲਮ ਤੇ ਕੌਮਵਾਦ ਦੀ ਰਹਿੰਦ ਖੂੰਹਦ ਦਾ ਖਾਤਮਾ ਤਾਂ ਜੁ ਕੌਮਾਂ ਬਰਾਬਰ ਹੋਣ ਤੇ ਉਨ੍ਹਾਂ ਦੀ ਆਜ਼ਾਦ ਤਰੱਕੀ ਹੋਵੇ ਅਤੇ ਕੌਮਾਂ ਵਿਚਕਾਰ ਮਿਤਰਤਾ ਦਾ ਤਾਣਾ ਤਣਿਆ ਜਾਵੇ, ਅਤੇ ਕੌਮਾਂਤ੍ਰੀਵਾਦ ਮਜ਼ਬੂਤੀ ਨਾਲ ਕਾਇਮ ਹੋਵੇ; ਮੁਲਕ-ਮਾਰੂ ਜੰਗਾਂ ਦੇ ਖਿਲਾਫ਼ ਤੇ ਸਾਮਰਾਜ ਵਿਰੁਧ ਸਭ ਮਜ਼ਲੂਮ ਕੌਮਾਂ ਨਾਲ ਸਾਂਝਾ ਮੋਰਚਾ—ਇਹ ਹੈ ਚਿਹਰਾ ਮੁਹਰਾ ਸੋਸ਼ਲਿਸਟ ਕੌਮਾਂ ਦਾ।

ਸੋਵੀਅਟ ਯੂਨੀਅਨ ਦੀਆਂ ਸੋਸ਼ਲਿਸਟ-ਕੌਮਾਂ ਕਿਸੇ ਵੀ ਬੁਰਜ਼ੁਆ-ਕੌਮ ਨਾਲੋਂ ਬਹੁਤ ਜ਼ਿਆਦਾ ਇਕ-ਮੁਠ ਤੇ ਜੀਉਂਦੀਆਂ ਕੌਮਾਂ ਹਨ। ਸੋਸ਼ਲਿਸਟ ਕੌਮਾਂ ਸ਼੍ਰੇਣੀ-ਵਿਰੋਧਾਂ ਤੋਂ ਆਜ਼ਾਦ ਹਨ, ਜਿਨ੍ਹਾਂ ਨੇ ਬੁਰਜ਼ੁਆ ਕੌਮਾਂ ਨੂੰ ਜੰਗਾਲ ਦਿਤਾ ਹੈ, ਕਿਉਂ ਜੁ ਸੋਸ਼ਲਿਜ਼ਮ ਹੇਠ ਕੋਈ ਲੁਟ ਖਸੁਟ ਕਰਨ ਵਾਲੇ ਨਹੀਂ ਹਨ ਜਿਸ ਕਰਕੇ ਕੋਈ ਦੁਸ਼ਮਣ ਜਮਾਤਾਂ ਵੀ ਨਹੀਂ ਹਨ।

ਜਿਥੇ ਬੁਰਜ਼ੁਆ ਕੌਮਾਂ ਦੇ ਸੰਬੰਧਾਂ ਵਿਚ ਪ੍ਰਸਪਰ ਅ-ਵਿਸ਼ਵਾਸ ਤੇ ਦੁਸ਼ਮਣੀ ਪਾਈ ਜਾਂਦੀ ਹੈ ਉਥੇ ਸੋਸ਼ਲਿਸਟ ਕੌਮਾਂ ਵਿਚ ਵਿਚਕਾਰ ਮਿਤਰਤਾ ਤੇ ਮਿਲਵਰਤਣ ਦੇ ਸੰਬੰਧ ਪਾਏ ਜਾਂਦੇ ਹਨ।

ਸੋਵੀਅਟ ਯੂਨੀਅਨ ਦੀਆਂ ਕੌਮਾਂ ਇਕ ਮਿਤਰ ਪ੍ਰਵਾਰ ਹਨ, ਅਤੇ ਕੌਮਾਂ ਦੀ ਮਿਤਰਤਾ ਬਹੁ-ਕੌਮੀ ਸੋਵੀਅਟ ਸਟੇਟ ਨੂੰ ਸਭ ਤੋਂ ਭਾਰੀ ਵਧੀਕ ਪਕਿਆਈ ਬਖਸ਼ਦੀ ਹੈ।

ਸੋਵੀਅਟ ਯੂਨੀਅਨ ਦੀਆਂ ਸੋਸ਼ਲਿਸਟ ਕੌਮਾਂ ਸਰਬ-ਪੱਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਿਲਵਰਤਨ ਤੇ ਪ੍ਰਸਪਰ ਸਹਾਇਤਾ ਦੇ, ਅਤੇ ਸਭ ਸੋਵੀਅਟ ਕੌਮਾਂ ਦੀ ਆਰਥਕਤਾ ਤੇ ਸਭਿਆਚਾਰ ਦੀ ਪਲੈਨ ਅਨੁਸਾਰ ਤਰੱਕੀ ਦੇ ਆਧਾਰ ਤੇ ਆਪਣੇ ਦੇਸ ਵਿਚ ਕਮਿਊਨਿਜ਼ਮ ਦੀ ਉਸਾਰੀ ਕਰ ਰਹੀਆਂ ਹਨ। ਇਹੋ ਕਾਰਨ ਹੈ ਕਿ ਸੋਵੀਅਟ ਯੂਨੀਅਨ ਦੀਆਂ ਸਭ ਕੌਮਾਂ ਤੇ ਕੌਮੀਅਤਾਂ ਨੇ ਆਪਣੇ ਰਾਜਸੀ, ਆਰਥਕ ਤੇ ਸਭਿਆਚਾਰਕ ਵਿਕਾਸ ਵਿਚ ਜ਼ਬਰਦਸਤ ਤਰੱਕੀ ਕੀਤੀ ਹੈ।

੯੮. ਸੋਵੀਅਟ ਦੇਸ-ਭਗਤੀ ਕੀ ਹੈ ?

ਆਪਣੇ ਦੇਸ ਲਈ ਪਿਆਰ ਦੇਸ-ਭਗਤੀ ਅਖਵਾਂਦਾ ਹੈ। ਹਰ ਕੌਮ ਦੇ ਮਿਹਨਤਕਸ਼ ਲੋਕਾਂ ਦੇ ਲਹੂ ਵਿਚ ਦੇਸ-ਭਗਤੀ ਦਾ ਜਜ਼ਬਾ ਘੁਲਿਆ ਹੁੰਦਾ ਹੈ। ਇਤਿਹਾਸ ਸਾਖੀ ਹੈ ਕਿ ਸਿਰਫ਼ ਮਿਹਨਤਕਸ਼ ਜਮਾਤਾਂ–ਮਜ਼ਦੂਰ ਤੇ ਕਿਸਾਨ, ਤੇ ਅਗਾਂਹ ਵਧੂ ਵਿਦਵਾਨ ਤਬਕਾ–ਸਚੇ ਅਰਥਾਂ ਵਿਚ ਦੇਸ-ਭਗਤ ਹੁੰਦੇ ਹਨ, ਕਿਉਂਜੁ ਕਿਸੇ ਦੇਸ਼ ਦੀ ਸਾਰੀ ਦੀ ਸਾਰੀ ਮਾਦੀ ਤੇ ਆਤਮਕ ਦੌਲਤ ਇਨ੍ਹਾਂ ਦੀ ਮਿਹਨਤ ਦੁਆਰਾ ਹੀ ਪੈਦਾ ਹੋਈ ਹੁੰਦੀ ਹੈ।

ਸੋਵੀਅਟ ਮਰਦ ਤੇ ਇਸਤਰੀਆਂ ਜੋਸ਼ੀਲੇ ਦੇਸ਼-ਭਗਤ ਹਨ। ਉਹ ਆਪਣੇ ਦੇਸ ਨੂੰ ਪਿਆਰ ਕਰਦੇ ਹਨ ਤੇ ਸੋਵੀਅਟ ਮਾਤ-ਭੂਮੀ ਨੂੰ ਉਨ੍ਹਾਂ ਨੇ ਆਪਣਾ ਆਪ ਅਰਪਨ ਕੀਤਾ ਹੋਇਆ ਹੈ। ਸੋਵੀਅਟ ਯੂਨੀਅਨ ਵਿਚ ਲੁਟੇਰਾ ਜਮਾਤਾਂ ਦੇ ਖਾਤਮੇ ਅਤੇ ਮਨੁਖ ਦੁਆਰਾ ਮਨੁਖ ਦੀ ਲੁਟ ਖਸੁਟ ਦੇ ਅੰਤ, ਅਤੇ ਸੋਸ਼ਲਿਜ਼ਮ ਦੀ ਜਿਤ ਦੇ ਸਿਟੇ ਵਜੋਂ ਸੋਵੀਅਟ ਲੋਕਾਂ ਦੀ ਦੇਸ਼ ਭਗਤੀ ਵਿਸ਼ੇਸ਼ ਕਰਕੇ ਪ੍ਰਫੁਲਤ ਹੋਈ।

ਫਾਸ਼ਿਸਟ ਹਮਲਾਆਵਰਾਂ ਵਿਰੁਧ ਸੋਵੀਅਟ ਯੂਨੀਅਨ ਦੀ ਦੇਸ਼-ਭਗਤਕ ਜੰਗ ਨੇ ਦਰਸਾ ਦਿਤਾ ਕਿ ਸੋਵੀਅਟ ਮਰਦ ਤੇ ਇਸਤ੍ਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੀ ਸੋਸ਼ਲਿਸਟ ਮਾਤ-ਭੂਮੀ ਦੀ ਆਜ਼ਾਦੀ ਲਈ ਆਪਣੇ ਲਹੂ ਦਾ ਅੰਤਲਾ ਟੇਪਾ ਡੁਲ੍ਹਣ ਤਕ ਵੀ ਲੜਨ ਨੂੰ ਤਿਆਰ ਹਨ। ਜੰਗ ਦੇ ਦੌਰਾਨ ਵਿਚ ਸੋਵੀਅਟ ਮਰਦਾਂ ਤੇ ਇਸਤ੍ਰੀਆਂ ਦੀ ਦੇਸ਼ ਭਗਤੀ ਨੂੰ ਜੰਗੀ ਮੋਰਚੇ ਤੇ ਅਤੇ ਪਿਛਵਾੜੇ ਵਿਚ ਦਿਖਾਏ ਸੂਰਬੀਰ ਕਾਰਨਾਮਿਆਂ ਨੇ ਪ੍ਰਗਟਾਇਆ ।

ਪਰ ਸਿਰਫ ਆਪਣੇ ਦੇਸ ਲਈ ਪਿਆਰ ਅਤੇ ਇਹਨੂੰ ਮਜ਼ਬੂਤ ਕਰਨ ਲਈ ਨਿਸ਼ਕਾਮ ਮਿਹਨਤ ਹੀ ਸੋਵੀਅਟ ਦੇਸ਼ ਭਗਤੀ ਦੀਆਂ ਸਿਫਤਾਂ ਨਹੀਂ ਹਨ। ਇਹ ਦੇਸ਼-ਭਗਤੀ ਇਕ ਨਵੀਂ ਤੇ ਉਚੇਰੀ ਕਿਸਮ ਦੀ ਹੈ। ਸੋਵੀਅਟ ਲੋਕ ਸਿਰਫ ਦੇਸ਼ ਭਗਤ ਹੀ ਨਹੀਂ ਹਨ ਸਗੋਂ ਉਹ ਕੌਮਾਂਤ੍ਰੀਵਾਦੀ ਵੀ ਹਨ। ਉਹ ਸਿਰਫ ਆਪਣੇ ਦੇਸ਼ ਦੇ ਹੀ ਸੇਵਕ ਨਹੀਂ ਹਨ, ਉਹ ਸਭ ਨਸਲਾਂ ਤੇ ਕੌਮਾਂ ਦੇ ਲੋਕਾਂ ਦੀ ਆਜ਼ਾਦੀ ਤੇ ਖੁਦ ਮੁਖਤਾਰੀ ਦੀ ਇਜ਼ਤ ਵੀ ਕਰਦੇ ਹਨ।

ਛੋਟੀਆਂ ਵਡੀਆਂ ਸਭ ਕੌਮਾਂ ਦੀ ਬਰਾਬਰੀ ਨੂੰ ਪਰਵਾਨ ਕਰਨਾ ਸੋਵੀਅਟ ਦੇਸ਼ ਭਗਤੀ ਦਾ ਹਿਸਾ ਹੈ। ਇਸੇ ਲਈ ਸੋਵੀਅਟ ਲੋਕ ਕੌਮਾਂਤ੍ਰੀ ਕਾਨਫ੍ਰੰਸਾਂ ਤੇ ਖਾਸ ਕਰਕੇ ਯੂ-ਐਨ-ਓ ਵਿਚ ਸਦਾ ਸਭ ਕੌਮਾਂ ਦੀ ਮੁਕੰਮਲ ਕੁਲ-ਮੁਖਤਾਰੀ (ਆਪਾ-ਸ਼ਾਹੀ) ਦੀ ਹਿਮਾਇਤ ਕਰਦੇ ਹਨ। ਦੂਜੇ ਦੇਸਾਂ ਤੇ ਹਮਲਾ ਕਰਨ ਤੇ ਦੂਜੀਆਂ ਕੌਮਾਂ ਦੀ ਕੌਮੀ ਕੁਲ-ਮੁਖਤਾਰੀ ਨੂੰ ਦਬਾਣ ਦੀ ਪਾਲਸੀ ਇਹਨਾਂ ਲਈ ਬਿਲਕੁਲ ਹੀ ਗੈਰ, ਓਪਰੀ ਤੇ ਘਿਰਣਾ-ਯੋਗ ਹੈ।

ਜੇ. ਵੀ. ਸਟਾਲਿਨ ਨੇ ਸੋਵੀਅਟ ਦੇਸ਼ ਭਗਤੀ ਦੀਆਂ ਵਿਸ਼ੇਸ਼ਤਾਈਆਂ ਬਾਰੇ ਕਿਹਾ ਹੈ :

"ਸੋਵੀਅਟ ਦੇਸ਼-ਭਗਤੀ ਦੀ ਤਾਕਤ ਇਸ ਗਲ ਵਿਚ ਹੈ ਕਿ ਉਹ ਕਿਸੇ ਨਸਲੀ ਭੇਦ ਭਾਵ ਜਾਂ ਕੌਮੀ ਤਅਸਬਾਂ ਉਤੇ ਨਹੀਂ ਸਗੋਂ ਆਪਣੀ ਸੋਵੀਅਟ ਮਾਤਭੂਮੀ ਲਈ ਲੋਕਾਂ ਦੀ ਡੂੰਘੀ ਭਗਤੀ ਤੇ ਵਫਾਦਾਰੀ ਉਤੇ, ਅਤੇ ਦੇਸ ਵਿਚ ਵਸਦੀਆਂ ਸਭ ਕੌਮਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਹਨਤਕਸ਼ ਲੋਕਾਂ ਦੀ ਭ੍ਰਾਤਰੀ ਮਿਲਵਰਤਨ ਦੀ ਬੁਨਿਆਦ ਉਤੇ ਕਾਇਮ ਹੈ। ਸੋਵੀਅਟ ਦੇਸ਼ ਭਗਤੀ ਸਭਨਾਂ ਕੌਮਾਂ ਦੀਆਂ ਕੌਮੀ ਰਵਾਇਤਾਂ ਅਤੇ ਸੋਵੀਅਟ ਯੂਨੀਅਨ ਦੇ ਸਭ ਮਿਹਨਤਕਸ਼ ਲੋਕਾਂ ਦੇ ਸਾਂਝੇ ਬੁਨਿਆਦੀ ਲਾਭਾਂ ਦਾ ਇਕ-ਸੁਰ ਮੇਲ ਹੈ। ਸੋਵੀਅਟ ਦੇਸ਼ ਭਗਤੀ ਸਾਡੇ ਦੇਸ ਵਿਚ ਵਸਦੀਆਂ ਸਭਨਾਂ ਕੌਮਾਂ ਤੇ ਕੌਮੀਅਤਾਂ ਵਿਚ ਫੁਟ ਨਹੀਂ ਪਾਉਂਦੀ, ਸਗੋਂ ਉਹਨਾਂ ਨੂੰ ਇਕੋ ਇਕ ਭ੍ਰਾਤਰੀ ਪਰਵਾਰ ਵਿਚ ਮੁਤਹਿਦ ਕਰਦੀ ਹੈ। ਸੋਵੀਅਟ ਯੂਨੀਅਨ ਦੀਆਂ ਵਖੋ ਵਖ ਕੌਮਾਂ ਵਿਚਕਾਰ ਅਟੁਟ ਤੇ ਨਿਤ-ਵਧਦੀ ਮਿਤਰਤਾ ਦੀ ਬੁਨਿਆਦ ਇਹੋ ਹੈ। ਇਹਦੇ ਨਾਲ ਹੀ ਸੋਵੀਅਟ ਯੂਨੀਅਨ ਦੇ ਲੋਕ ਦੂਜੇ ਦੇਸ਼ਾਂ ਦੀ ਆਜ਼ਾਦੀ ਤੇ ਉਨ੍ਹਾਂ ਦੇ ਹਕਾਂ ਦਾ ਸਤਕਾਰ ਕਰਦੇ ਹਨ ਤੇ ਉਨ੍ਹਾਂ ਨੇ ਸਦਾ ਇਹ ਦਰਸਾਇਆ ਹੈ ਕਿ ਉਹ ਆਪਣੇ ਗੁਆਂਢੀ ਦੇਸਾਂ ਨਾਲ ਅਮਨ ਤੇ ਮਿਤਰਤਾ ਵਿਚ ਰਹਿਣ ਲਈ ਸਦਾ ਤਿਆਰ ਹਨ।'' (ਸਟਾਲਿਨ–''ਸੋਵੀਅਟ ਯੂਨੀਅਨ ਦੀ ਮਹਾਨ ਦੇਸ਼ਭਗਤਕ ਜੰਗ'') ਇਹ ਸੋਵੀਅਟ ਦੇਸ਼ ਭਗਤੀ ਦਾ ਤਤ ਤੇ ਸਾਰ ਹੈ।

੯੯. ਕਮਿਊਨਿਜ਼ਮ ਕੀ ਹੈ?

ਸੋਵੀਅਟ ਲੋਕਾਂ ਨੇ ਸੋਸ਼ਲਿਜ਼ਮ ਦੀ ਉਸਾਰੀ ਕਰ ਲਈ ਹੈ ਤੇ ਹੁਣ ਕਮਿਊਨਿਸਟ ਸਮਾਜ ਉਸਾਰ ਰਹੇ ਹਨ।

ਕਮਿਊਨਿਜ਼ਮ ਕੀ ਹੈ ਤੇ ਸੋਸ਼ਲਿਜ਼ਮ ਨਾਲੋਂ ਇਹ ਕਿਵੇਂ ਵਖਰਾ ਹੈ? ਸਾਇੰਸੀ ਕਮਿਊਨਿਜ਼ਮ ਦੇ ਮੋਢੀਆਂ ਮਾਰਕਸ ਤੇ ਏਂਗਲਜ਼ ਦੀ ਸਿਖਿਆ, ਜਿਸ ਵਿਚ ਲੈਨਿਨ ਤੇ ਸਟਾਲਿਨ ਨੇ ਵਿਸ਼ਾਲ ਵਾਧਾ ਕੀਤਾ, ਦਸਦੀ ਹੈ ਕਿ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਇਕ ਹੀ ਸਮਾਜਕ ਪ੍ਰਬੰਧ ਅਰਥਾਤ ਕਮਿਊਨਿਸਟ ਸਮਾਜ ਦੇ ਵਿਕਾਸ ਦੇ ਦੋ ਪੜਾ, ਦੋ ਦੌਰ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੋਸ਼ਲਿਜ਼ਮ ਕਮਿਊਨਿਸਟ ਸਮਾਜ ਦਾ ਪਹਿਲਾ (ਹੇਠਲਾ) ਪੜਾ ਹੈ, ਅਤੇ ਕਮਿਊਨਿਜ਼ਮ ਦੂਜਾ (ਉਤਲਾ) ਪੜਾ ਹੈ।

ਜਿਥੇ ਕਿ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਵਿਚ ਬੜਾ ਕੁਝ ਸਾਂਝਾ ਹੈ, ਉਥੇ ਇਨ੍ਹਾਂ ਵਿਚ ਭੇਦ ਵੀ ਜ਼ਰੂਰ ਹੈ।

ਹੇਠ ਲਿਖੀਆਂ ਗੱਲਾਂ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੋਹਾਂ ਵਿਚ ਸਾਂਝੀਆਂ ਹਨ:—

ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੋਹਾਂ ਵਿਚ ਸਮਾਜ ਦੀ ਆਰਥਕ ਬੁਨਿਆਦ ਪੈਦਾਵਾਰੀ ਵਸੀਲਿਆਂ ਤੇ ਮੰਦਾਂ ਦੀ ਲੋਕ-ਮਾਲਕੀ ਅਤੇ ਆਰਥਕਤਾ ਦਾ ਇਕ ਸੰਗਠਤ ਸੋਸ਼ਲਿਸਟ ਪ੍ਰਬੰਧ ਹੈ।

ਨਾ ਹੀ ਸੋਸ਼ਲਿਜ਼ਮ ਵਿਚ ਤੇ ਨਾ ਹੀ ਕਮਿਊਨਿਜ਼ਮ ਵਿਚ ਸਮਾਜਕ ਜ਼ੁਲਮ ਦੀ ਕੋਈ ਹੋਂਦ ਹੈ। ਦੋਹਾਂ ਵਿਚ ਹੀ ਲੁਟੇਰਾ ਜਮਾਤਾਂ ਨਹੀਂ ਹੁੰਦੀਆਂ, ਮਨੁਖ ਦੁਆਰਾ ਮਨੁਖ ਦੀ ਲੁਟ ਖਸੁਟ ਨਹੀਂ ਹੁੰਦੀ ਤੇ ਕੋਈ ਕੌਮੀ ਜ਼ੁਲਮ ਨਹੀਂ ਹੁੰਦਾ।

ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੋਹਾ ਵਿਚ ਕੌਮੀ ਆਰਥਕਤਾ ਦੀ ਤਰੱਕੀ ਪਲੈਨ-ਅਨੁਸਾਰ ਹੁੰਦੀ ਹੈ, ਅਤੇ ਨਾ ਹੀ ਆਰਥਕ ਸੰਕਟ ਹੁੰਦੇ ਹਨ ਤੇ ਨਾ ਹੀ ਜਨਤਾ ਵਿਚ ਬੇਕਾਰੀ ਤੇ ਗ਼ਰੀਬੀ ਹੁੰਦੀ ਹੈ।

ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੋਹਾਂ ਵਿਚ ਹਰ ਇਕ ਲਈ ਆਪਣੀ ਯੋਗਤਾ ਅਨੁਸਾਰ ਕੰਮ ਕਰਨਾ ਇਕੋ ਜਿਹਾ ਲਾਜ਼ਮੀ ਹੈ।

ਸੋਸ਼ਲਿਜ਼ਮ ਵਾਂਗ ਹੀ ਕਮਿਊਨਿਜ਼ਮ ਵਿਚ ਵੀ ਬੁਨਿਆਦੀ ਆਰਥਕ ਕਾਨੂੰਨ ਸਮੁਚੇ ਸਮਾਜ ਦੀਆਂ ਨਿਤ ਵਧ ਰਹੀਆਂ ਮਾਦੀ ਤੇ ਸਭਿਆਚਾਰਕ ਲੋੜਾਂ ਦੀ ਵਧ ਤੋਂ ਵਧ ਪੂਰਤੀ ਹਾਸਲ ਕਰਨਾ ਹੈ, ਜਿਸ ਦਾ ਤਰੀਕਾ ਉਚੇਰੀਆਂ ਟੈਕਨੀਕਾਂ ਰਾਹੀਂ ਸੋਸ਼ਲਿਸਟ ਪੈਦਾਵਾਰ ਨੂੰ ਲਗਾਤਾਰ ਵਧਾਣਾ ਤੇ ਮੁਕੰਮਲ ਕਰਨਾ ਹੈ।

ਤਦ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਵਿਚ ਕੀ ਫਰਕ ਹੋਇਆ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਸ਼ਲਿਸਟ ਸਮਾਜ ਪੈਦਾਵਾਰੀ ਤਾਕਤਾਂ ਦੀ ਤਰੱਕੀ ਲਈ ਪੂਰਾ ਮੌਕਾ ਦੇਂਦਾ ਹੈ। ਸੋਸ਼ਲਿਸਟ ਪੈਦਾਵਾਰ ਜਿਸ ਪਧਰ ਤਕ ਪੁਜਦੀ ਹੈ ਉਹਦਾ ਸਦਕਾ ਸਮਾਜ ਲਈ ਇਹ ਸੰਭਵ ਹੁੰਦਾ ਹੈ ਕਿ ਉਹ ਇਸ ਅਸੂਲ ਤੇ ਅਮਲ ਕਰ ਸਕੇ : "ਹਰ ਇਕ ਤੋਂ ਉਹਦੀ ਯੋਗਤਾ ਅਨੁਸਾਰ ਅਤੇ ਹਰ ਇਕ ਨੂੰ ਉਹਦੇ ਕੰਮ ਅਨੁਸਾਰ" ਇਹਦੇ ਅਰਥ ਇਹ ਹੋਏ ਕਿ ਤਿਆਰ ਹੋਈਆਂ ਚੀਜ਼ਾਂ ਕੀਤੇ ਹੋਏ ਕੰਮ ਦੀ ਮਿਕਦਾਰ ਤੇ ਸਿਫਤ (ਕੁਆਲਟੀ) ਦੇ ਅਨੁਸਾਰ ਵੰਡ ਦਿਤੀਆਂ ਜਾਂਦੀਆਂ ਹਨ ।

ਪਰ ਕਮਿਊਨਿਸਟ ਸਮਾਜ ਵਿਚ ਪੈਦਾਵਾਰੀ ਤਾਕਤਾਂ ਸੋਸ਼ਲਿਜ਼ਮ ਦੇ ਮੁਕਾਬਲੇ ਵਿਚ ਤਰੱਕੀ ਦੀ ਇਕ ਬੇਮਿਸਾਲ ਉਚੀ ਪਧਰ ਤੇ ਪੁਜ ਜਾਣਗੀਆਂ। ਕੌਮੀ ਆਰਥਕਤਾ ਦੀ ਤਰੱਕੀ ਵਿਸ਼ੇਸ਼ ਰੂਪ ਵਿਚ ਉਚੀ ਟੈਕਨੀਕ ਦੀ ਬੁਨਿਆਦ ਤੇ ਹੋਵੇਗੀ, ਪੈਦਾਵਾਰ ਦੇ ਆਮ ਅਮਲ ਮਸ਼ੀਨਾਂ ਤੇ ਸੈ-ਚਾਲਕ ਮਸ਼ੀਨਾਂ ਦੁਆਰਾ ਹੋਣਗੇ ਅਤੇ ਲੋਕ ਸ਼ਕਤੀ ਦੇ ਹਰ ਸੋਮੇ ਦੀ ਵਰਤੋਂ ਭਾਰੀ ਪੈਮਾਨੇ ਤੇ ਕਰਨਗੇ ।

ਸਮਾਜ ਦੀਆਂ ਪੈਦਾਵਾਰੀ ਤਾਕਤਾਂ ਤਰੱਕੀ ਦੀ ਏਨੀ ਉੱਚੀ ਪੱਧਰ ਤੇ ਪੁਜ ਜਾਣਗੀਆਂ ਕਿ ਆਮ ਲੋੜਾਂ ਦੀਆਂ ਚੀਜ਼ਾਂ ਤੇ ਸਭ ਮਾਦੀ ਤੇ ਸਭਿਆਚਾਰਕ ਦੌਲਤ ਦੀ ਬਹੁਲਤਾ ਯਕੀਨੀ ਹੋ ਜਾਵੇਗੀ । ਚੀਜ਼ਾਂ ਦੀ ਬਹੁਲਤਾ ਦਾ ਸਦਕਾ ਇਹ ਸੰਭਵ ਹੋਵੇਗਾ ਕਿ ਕਮਿਊਨਿਸਟ ਸਮਾਜ ਦੇ ਸਭ ਮੈਂਬਰਾਂ ਦੀਆਂ ਸਭ ਲੋੜਾਂ ਪੂਰੀਆਂ ਹੋ ਜਾਣ । ਇਸ ਲਈ ਕਮਿਊਨਿਜ਼ਮ ਵਿਚ ਸਮਾਜਕ ਜੀਵਨ ਦਾ ਆਧਾਰ ਇਹ ਅਸੂਲ ਹੋਵੇਗਾ: "ਹਰ ਇਕ ਤੋਂ ਉਹਦੀ ਯੋਗਤਾ ਅਨੁਸਾਰ ਤੇ ਹਰ ਇਕ ਨੂੰ ਉਹਦੀਆਂ ਲੋੜਾਂ ਅਨੁਸਾਰ ।"

ਜਾਹਲ ਲੋਕ ਤੇ ਕਮਿਊਨਿਜ਼ਮ ਦੇ ਦੁਸ਼ਮਣ ਇਹ ਕਹਿੰਦੇ ਹਨ ਕਿ ਕਮਿਊਨਿਜ਼ਮ ਵਿਚ ਸਭ ਲੋਕਾਂ ਦੇ ਸਵਾਦਾਂ ਤੇ ਲੋੜਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਪਧਰ ਤੇ ਲਿਆਂਦਾ ਜਾਵੇਗਾ । ਇਹ ਕਮਿਊਨਿਜ਼ਮ ਵਿਰੁਧ ਤੁਹਮਤ ਹੈ, ਕਿਉਂ ਜੁ ਨਾ ਹੀ ਸੋਸ਼ਲਿਜ਼ਮ ਹੇਠ ਤੇ ਨਾ ਹੀ ਕਮਿਊਨਿਜ਼ਮ ਹੇਠ ਲੋਕਾਂ ਦੇ ਸਵਾਦ ਤੇ ਲੋੜਾਂ ਮਿਕਦਾਰ ਜਾਂ ਸਿਫਤ ਵਿਚ ਇਕ ਹੁੰਦੇ ਹਨ ਜਾਂ ਹੋ ਸਕਦੇ ਹਨ ।

ਕਮਿਊਨਿਜ਼ਮ ਵਿਚ ਲੋਕਾਂ ਦੀ ਹਰ ਲੋੜ ਨੂੰ ਹਰ ਪ੍ਰਕਾਰ ਪੂਰਨ ਰੂਪ ਵਿਚ ਪੂਰਾ ਕੀਤਾ ਜਾਵੇਗਾ ।

ਸੋਸ਼ਲਿਜ਼ਮ ਵਿਚ ਮਿਹਨਤਕਸ਼ ਜਮਾਤਾਂ-ਮਜ਼ਦੂਰ ਤੇ ਕਿਸਾਨ—ਤੇ ਵਿਦਵਾਨ ਲੋਕ ਹੁੰਦੇ ਹਨ ਜਿਨ੍ਹਾਂ ਵਿਚ ਅਜੇ ਵੀ ਫਰਕ ਰਹਿੰਦਾ ਹੈ । ਕਮਿਊਨਿਜ਼ਮ ਵਿਚ ਕਿਸੇ ਪ੍ਰਕਾਰ ਦਾ ਸ਼੍ਰੇਣੀ-ਭੇਦ ਨਹੀਂ ਰਹੇਗਾ ਅਤੇ ਸਭ ਲੋਕ ਇਕ ਮੁਤਹਿਦ, ਸ਼੍ਰੇਣੀ ਰਹਿਤ ਕਮਿਊਨਿਸਟ ਸਮਾਜ ਦੇ ਮਿਹਨਤਕਸ਼ ਲੋਕ ਬਣ ਜਾਣਗੇ ।

ਸੋਸ਼ਲਿਜ਼ਮ ਵਿਚ ਸ਼ਹਿਰ ਤੇ ਪਿੰਡ ਵਿਚ ਫਰਕ ਬਾਕੀ ਰਹਿੰਦਾ ਹੈ । ਕਮਿਊਨਿਜ਼ਮ ਵਿਚ ਸ਼ਹਿਰ ਤੇ ਪਿੰਡ, ਅਰਥਾਤ ਸਨਅਤ ਤੇ ਜ਼ਰਾਇਤ ਵਿਚ ਕੋਈ ਬੁਨਿਆਦੀ ਫਰਕ ਨਹੀਂ ਰਹੇਗਾ ।

ਸੋਸ਼ਲਿਜ਼ਮ ਵਿਚ ਜਨਤਕ ਮਾਲਕੀ ਦੀਆਂ ਦੋ ਸ਼ਕਲਾਂ ਹਨ : ਸਟੇਟ ਮਾਲਕੀ (ਸਭ ਲੋਕਾਂ ਦੀ ਮਾਲਕੀ) ਅਤੇ ਸਾਂਝੇ ਫਾਰਮਾਂ ਤੇ ਕੋ-ਆਪ੍ਰੇਟਿਵਾਂ ਦੀ ਮਾਲਕੀ । ਕਮਿਊਨਿਜ਼ਮ ਵਿਚ ਮਾਲਕੀ ਦੀ ਸਿਰਫ ਇਕੋ ਇਕ ਸ਼ਕਲ ਹੋਵੇਗੀ—ਸਭ ਲੋਕਾਂ ਦੀ ਮਾਲਕੀ ।

ਸੋਸ਼ਲਿਜ਼ਮ ਵਿਚ ਦਿਮਾਗੀ ਤੇ ਸਰੀਰਕ ਮਿਹਨਤ ਵਿਚ ਬੁਨਿਆਦੀ ਫਰਕ ਰਹਿੰਦਾ ਹੈ ਕਿਉਂ ਜੁ ਮਜ਼ਦੂਰਾਂ ਤੇ ਕਿਸਾਨਾਂ ਦਾ ਸਭਿਆਚਾਰਕ ਤੇ ਟੈਕਨੀਕਲ ਮਿਆਰ ਅਜੇ ਕਾਫੀ ਉਚਾ ਨਹੀਂ ਹੁੰਦਾ । ਕਮਿਊਨਿਜ਼ਮ ਵਿਚ ਇਹ ਫਰਕ ਮਿਟ ਜਾਵੇਗਾ ਕਿਉਂ ਜੁ ਸਾਰ ਮਿਹਨਤਕਸ਼ ਜਨਤਾ ਦਾ ਸਭਿਆਚਾਰਕ ਤੇ ਟੈਕਨੀਕਲ ਮਿਆਰ ਇੰਜਨੀਅਰਾਂ ਤੇ ਟੈਕਨੀਸ਼ਨਾਂ ਦੀ ਪਧਰ ਤਕ ਪੁਜ ਜਾਵੇਗਾ ।

ਸੋਸ਼ਲਿਜ਼ਮ ਵਿਚ ਸਮਾਜ ਦੇ ਕੁਝ ਮੈਂਬਰਾਂ ਦੇ ਦਿਮਾਗਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਰਮਾਏਦਾਰੀ ਦੀ ਰਹਿੰਦ ਖੂੰਹਦ ਬਾਕੀ ਰਹਿੰਦੀ ਹੈ (ਕੰਮ ਵਲ ਬੇਧਿਆਨੀ, ਸਮਾਜ ਤੋਂ ਵਧ ਤੋਂ ਵਧ ਲੈਣ ਅਤੇ ਸਮਾਜ ਨੂੰ ਘਟ ਤੋਂ ਘਟ ਦੇਣ ਦੀ ਰੁਚੀ, ਆਦਿ)। ਕਮਿਊਨਿਜ਼ਮ ਵਿਚ ਸਰਮਾਏਦਾਰੀ ਦੀ ਸਾਰੀ ਰਹਿੰਦ ਖੂੰਹਦ ਦਾ ਅੰਤ ਹੋ ਜਾਵੇਗਾ।

ਕਮਿਊਨਿਜ਼ਮ ਵਿਚ ਕੰਮ ਸਿਰਫ ਰੋਜ਼ੀ ਦਾ ਸਾਧਨ ਹੀ ਨਹੀਂ ਸਗੋਂ ਮਨੁਖ ਦੀ ਜੀਵਨ ਵਿਚ ਪਹਿਲੀ ਲੋੜ ਬਣ ਜਾਵੇਗਾ।

ਇਹ ਹਨ ਕਮਿਊਨਿਜ਼ਮ ਦੇ ਮੁਖ ਲੱਛਣ।

੧੦੦. ਸੋਵੀਅਟ ਯੂਨੀਅਨ ਦੇ ਸੋਸ਼ਲਿਜ਼ਮ ਤੋਂ ਕਮਿਊਨਿਜ਼ਮ ਤਕ ਪੁਜਣ ਲਈ ਬੁਨਿਆਦੀ ਸ਼ਰਤਾਂ ਕੀ ਹਨ?

ਜੇ. ਵੀ. ਸਟਾਲਿਨ ਨੇ ਆਪਣੀ ਬੇਮਿਸਾਲ ਲਿਖਤ ''ਸੋਵੀਅਟ ਯੂਨੀਅਨ ਵਿਚ ਸੋਸ਼ਲਿਜ਼ਮ ਦੇ ਆਰਥਕ ਮਸਲੇ'' ਵਿਚ ਸੋਵੀਅਟ ਯੂਨੀਅਨ ਦੀ ਵਰਤਮਾਨ ਸੋਸ਼ਲਿਸਟ ਆਰਥਕਤਾ ਦੇ ਇਕ ਉਚੀ ਪਧਰ, ਕਮਿਊਨਿਸਟ ਆਰਥਕਤਾ ਤਕ ਪੁਜਣ ਦੀਆਂ ਸ਼ਰਤਾਂ ਦਸੀਆਂ ਹਨ। ਇਹ ਪੁਸਤਕ ੧੯੫੨ ਵਿਚ ਪਰਕਾਸ਼ਤ ਹੋਈ ਸੀ। ਜੇ. ਵੀ. ਸਟਾਲਿਨ ਨੇ ਕਮਿਊਨਿਜ਼ਮ ਤਕ ਪੁਜਣ ਦਾ ਰਾਹ ਤਿਆਰ ਕਰਨ ਲਈ ਤਿੰਨ ਮੁਖ ਮੁਢਲੀਆਂ ਸ਼ਰਤਾਂ ਦਸੀਆਂ ਹਨ।

ਪਹਿਲੀ ਕੁਲ ਸਮਾਜਕ ਪੈਦਾਵਾਰ ਦੀ ਲਗਾਤਾਰ ਤਰੱਕੀ ਨੂੰ ਯਕੀਨੀ ਬਣਾਣਾ ਜ਼ਰੂਰੀ ਹੈ, ਜਿਸ ਵਿਚ ਪੈਦਾਵਾਰੀ ਵਸੀਲਿਆਂ ਦੀ ਪੈਦਾਵਾਰ ਤਨਾਸਬ ਵਿਚ ਵਧੇਰੇ ਤੇਜ਼ ਹੋਣੀ ਚਾਹੀਦੀ ਹੈ।

ਸੋਵੀਅਟ ਯੂਨੀਅਨ ਦੀ ਸਾਰੀ ਆਰਥਕਤਾ ਬਿਲਕੁਲ ਏਸੇ ਤਰ੍ਹਾਂ ਤਰੱਕੀ ਕਰ ਰਹੀ ਹੈ। ਸਿਰਫ ੧੯੫੦ ਤੇ ੧੯੫੨ ਵਿਚਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੀਅਟ ਯੂਨੀਅਨ ਦੀ ਮਸ਼ੀਨਾਂ ਤਿਆਰ ਕਰਨ ਦੀ ਸਨਅਤ ਨੇ ਸੋਲਾਂ ਸੌ ਕਿਸਮ ਦੀਆਂ ਨਵੀਆਂ ਮਸ਼ੀਨਾਂ ਤੇ ਸੰਦ ਡੀਜ਼ਾਈਨ ਕੀਤੇ ਤੇ ਤਿਆਰ ਕੀਤੇ ਸਨ ਜਿਸ ਨਾਲ ਕੌਮੀ ਆਰਥਕਤਾ ਦੀ ਹੋਰ ਤਰੱਕੀ ਯਕੀਨੀ ਬਣ ਗਈ। ੧੯੫੩ ਵਿਚ ਅਹਿਮ ਮਸ਼ੀਨਾਂ ਤੇ ਸੰਦਾਂ ਦੇ ਹੋਰ ਸਤ ਸੌ ਕਿਸਮਾਂ ਤੇ ਨਮੂਨੇ ਤਿਆਰ ਕੀਤੇ ਗਏ। ਆਮ ਪੈਦਾਵਾਰੀ ਅਮਲ ਹਰ ਪਖੋਂ ਭਾਰੀ ਪੈਮਾਨੇ ਤੇ ਮਸ਼ੀਨਾਂ ਦੁਆਰਾ ਕੀਤੇ ਜਾਣ ਕਰਕੇ ਤੇ ਆਟੋਮੈਟਿਕ (ਸ੍ਵੈ-ਚਾਲਕ) ਬਣਾਏ ਜਾਣ ਕਰਕੇ ਸੋਵੀਅਟ ਜਨਤਾ ਦੀ ਮਿਹਨਤ ਵਿਚ ਬਚਤ ਹੋ ਗਈ ਹੈ ਤੇ ਇਹ ਹੌਲੀ ਵੀ ਹੋ ਗਈ ਹੈ। ਮੌਜੂਦਾ ਆਟੋਮੈਟਿਕ ਕਾਰਖਾਨੇ ਤੇ ਬਣ ਰਹੇ ਆਟੋਮੈਟਿਕ ਕਾਰਖ਼ਾਨੇ ਕਮਿਊਨਿਜ਼ਮ ਵਿਚ ਕੰਮ ਕਰਨ ਦੇ ਢੰਗਾਂ ਨੂੰ ਸਪਸ਼ਟ ਰੂਪ ਵਿਚ ਦਰਸਾਂਦੇ ਹਨ। ਮੁਲਕ ਦੇ ਵਖ ਵਖ ਹਿਸਿਆਂ ਵਿਚ ਜਿਹੜੇ ਵਡੇ ਵਡੇ ਹਾਈਡਰੋਅਲੈਕਟ੍ਰਿਕ ਸਟੇਸ਼ਨ (ਬਿਜਲੀ ਘਰ) ਉਸਾਰੇ ਜਾ ਰਹੇ ਹਨ ਉਹ ਕਮਿਊਨਿਜ਼ਮ ਦੀ ਮਾਦੀ ਤੇ ਟੈਕਨੀਕਲ ਬੁਨਿਆਦ ਉਸਾਰਨ ਦੇ ਅਹਿਮ ਅਨਸਰ ਹਨ।

ਸੋਸ਼ਲਿਸਟ ਪੈਦਾਵਾਰ ਵਿਚ ਲਗਾਤਾਰ ਤੇ ਬੜੀ ਉਚੀ ਪਧਰ ਤੇ ਤਰੱਕੀ ਹੋ ਰਹੀ ਹੈ। ਸੋਸ਼ਲਿਸਟ ਪੈਦਾਵਾਰ ਇਸ ਲਗਾਤਾਰ ਫੈਲਾਓ ਤੇ ਸੰਪੂਰਨਤਾ ਦੀ ਬੁਨਿਆਦ ਸੋਵੀਅਟ ਲੋਕਾਂ ਦੀ ਖੁਸ਼ਹਾਲੀ ਵਿਚ ਹੋ ਰਿਹਾ ਬਾਕਾਇਦਾ ਵਾਧਾ, ਅਤੇ ਉਨ੍ਹਾਂ ਦੀਆਂ ਲਗਾਤਾਰ ਵਧ ਰਹੀਆਂ ਮਾਦੀ ਤੇ ਸਭਿਆਚਾਰਕ ਲੋੜਾਂ ਹਨ।

ਇਸ ਲਈ ਕੰਮ ਇਹ ਬਣਦਾ ਹੈ ਕਿ ਸੋਸ਼ਲਿਸਟ ਪੈਦਾਵਾਰ ਨੂੰ ਉਚੀ ਟੈਕਨੀਕ ਦੇ ਆਧਾਰ ਤੇ ਹਰ ਤਰ੍ਹਾਂ ਤਰੱਕੀ ਦਿਤੀ ਜਾਵੇ, ਤਾਂ ਜੁ ਸੋਵੀਅਟ ਯੂਨੀਅਨ ਮਾਦੀ ਤੇ ਸਭਿਆਚਾਰਕ ਦੌਲਤ ਨੂੰ ਏਨੀ ਬਹੁਲਤਾ ਵਿਚ ਪੈਦਾ ਕਰਨ ਦੇ ਯੋਗ ਹੋ ਜਾਵੇ ਕਿ ਸਮਾਜ ਦੀਆਂ ਲੋੜਾਂ ਦੀ ਪੂਰੀ ਪੂਰੀ ਪੂਰਤੀ ਹੋ ਸਕੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜੀ, ਸਾਂਝੇ ਫਾਰਮ (ਗਰੁਪ) ਦੀ ਮਾਲਕੀ ਨੂੰ ਮਾਲਕੀ ਦੀ ਸਭ ਤੋਂ ਅਗਾਊ ਸ਼ਕਲ, ਲੋਕ-ਮਾਲਕੀ ਦੀ ਪਧਰ ਤੇ ਪੁਚਾਣਾ ਜ਼ਰੂਰੀ ਹੈ (ਵੇਖੋ ਉਤਰ ੧੩) । ਇਹਦਾ ਇਹ ਅਰਥ ਹੈ ਕਿ ਸੋਸ਼ਲਿਸਟ ਪੈਦਾਵਾਰ ਦੀਆਂ ਦੋ ਮੁਖ ਸ਼ਕਲਾਂ–ਜਨਤਕ ਤੇ ਸਾਂਝੇ ਫਾਰਮ ਦੀ--ਦੀ ਥਾਂ ਸਿਰਫ ਲੋਕ-ਮਾਲਕੀ ਦੇ ਆਧਾਰ ਤੇ ਇਕੋ ਇਕ ਪੈਦਾਵਾਰੀ ਸ਼ਕਲ ਵਜੂਦ ਵਿਚ ਆਵੇ ।

ਇਹ ਸਮਾਜਕ-ਆਰਥਕ ਮੁੜ-ਸੰਗਠਨ ਉਦੋਂ ਹੀ ਹੋਵੇਗਾ ਜਦੋਂ ਸੱਨਅਤ ਤੇ ਜ਼ਰਾਇਤ ਵਿਚਕਾਰ ਜਿਨਸ ਦੀ ਗਤੀ ਦੀ ਥਾਂ ਹੌਲੀ ਹੌਲੀ ਪੈਦਾਵਾਰ ਵਟਾਂਦਰੇ ਦਾ ਪ੍ਰਬੰਧ ਲੈ ਲਵੇਗਾ । ਪੈਦਾਵਾਰ ਤਬਾਦਲੇ ਦਾ ਪ੍ਰਬੰਧ ਆਰਥਕ ਤਬਾਦਲੇ ਦੀ ਉਚੀ ਸ਼ਕਲ ਹੈ ਤੇ ਸਮਾਜ ਲਈ ਬਹੁਤੀ ਲਾਭਦਾਇਕ ਹੈ । ਇਸ ਪ੍ਰਬੰਧ ਦੇ ਮੁਢਲੇ ਚਿਤ੍ਰ ਪਹਿਲਾਂ ਹੀ ਸੋਵੀਅਟ ਯੂਨੀਅਨ ਵਿਚ ਮੌਜੂਦ ਹਨ । ਉਨ੍ਹਾਂ ਸਾਂਝੇ ਫਾਰਮਾਂ ਨੂੰ ਜਿਨ੍ਹਾਂ ਨੇ ਹਕੂਮਤ ਨਾਲ ਪੈਦਾਵਾਰ-ਵਟਾਂਦਰੇ ਦੇ ਸਮਝੌਤੇ ਕਰ ਰਖੇ ਹਨ, ਉਨ੍ਹਾਂ ਸਾਂਝੇ ਫਾਰਮਾਂ ਨਾਲੋਂ ਕਿਤੇ ਵਧੇਰੇ ਲਾਭ ਪੁਜਦੇ ਹਨ ਜਿਨ੍ਹਾਂ ਨੇ ਕਿ ਅਜੇਹੇ ਸਮਝੌਤੇ ਨਹੀਂ ਕੀਤੇ । ਪੈਦਾਵਾਰ-ਵਟਾਂਦਰੇ ਨੂੰ ਉਸ ਆਰਥਕ-ਪ੍ਰਬੰਧ ਦਾ ਰੂਪ ਦੇਣ ਲਈ, ਜਿਸ ਦੇ ਘੇਰੇ ਵਿਚ ਸਭ ਕੁਝ ਆ ਜਾਵੇ, ਇਹ ਬੇਹਦ ਜ਼ਰੂਰੀ ਹੈ ਕਿ ਪਿੰਡਾਂ ਵਿਚ ਜਾਣ ਵਾਲੇ ਤਿਆਰ ਮਾਲ ਦੀ ਪੈਦਾਵਾਰ ਵਧਾਈ ਜਾਵੇ । ਤੇ ਜਿਸ ਤਰ੍ਹਾਂ ਇਹ ਵਾਧਾ ਹੋ ਰਿਹਾ ਹੈ, ਉਸ ਨਾਲ ਸੋਵੀਅਟ ਆਰਥਕਤਾ ਸਾਲ ਦੇ ਸਾਲ ਇਸ ਮਸਲੇ ਨੂੰ ਕਾਮਯਾਬੀ ਨਾਲ ਹੱਲ ਕਰ ਰਹੀ ਹੈ ।

ਭਵਿਖ ਵਿਚ ਜਦੋਂ ਸਾਰੀ ਦੀ ਸਾਰੀ ਕੌਮੀ ਆਰਥਕਤਾ ਵਿਚ ਪੈਦਾਵਾਰ-ਵਟਾਂਦਰੇ ਨੂੰ ਲਾਗੂ ਕਰ ਦਿਤਾ ਜਾਵੇਗਾ ਤਾਂ ਸਾਂਝੇ ਫ਼ਾਰਮਾਂ ਦੀ ਪੈਦਾਵਾਰ ਨੂੰ ਕੌਮੀ ਪਲੈਨਿੰਗ ਦੇ ਸਿਸਟਮ ਵਿਚ ਸ਼ਾਮਲ ਕਰਨਾ ਸੰਭਵ ਹੋ ਜਾਵੇਗਾ, ਤਦ ਕੇਂਦਰੀ ਸਰਕਾਰ ਜਾਂ ਕੋਈ

CC-0. In Public Domain. Gurukul Kangri Collection, Haridwar